ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2441 | 21 April, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਅਤੇ ਹੋਰ ਪੰਜਾਬੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹੁਣ ਕ੍ਰਿਕਟ ਮੈਚ ਫਿਕਸਿੰਗ

ਓਟਵਾ
ਸਾਂਝੀ ਸੋਚ ਬਿਊਰੋ

ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਗੈਂਗਸਟਰਾਂ ਨੇ ਕਬੱਡੀ 'ਚ ਆਪਣੀ ਸ਼ਮੂਲੀਅਤ ਤੋਂ ਬਾਅਦ, ਹੁਣ ਆਪਣਾ ਧਿਆਨ ਕ੍ਰਿਕਟ ਵੱਲ ਮੋੜ ਲਿਆ ਹੈ। ਸੀ.ਬੀ.ਸੀ. ਦੇ 'ਦਿ ਫਿਫਥ ਸਟੇਟ' ਦੀ ਇੱਕ ਵੱਡੀ ਜਾਂਚ ਅਨੁਸਾਰ ਕੈਨੇਡੀਅਨ ਕ੍ਰਿਕਟ ਵਿਚ ਧਮਕੀਆਂ ਡਰਾਉਣ-ਧਮਕਾਉਣ ਅਤੇ ਮੈਚ ਫਿਕਸਿੰਗ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ।




ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਡਾਕੂਮੈਂਟਰੀ ''ਕੁਰੱਪਸ਼ਨ, ਕ੍ਰਾਈਮ ਐਂਡ ਕ੍ਰਿਕਟ ਕੈਨੈਡਾ' ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਬਿਸ਼ਨੋਈ ਗੈਂਗ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੇ ਜੁਲਾਈ 2025 ਵਿਚ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਰਾਸ਼ਟਰੀ ਟੀਮ ਦੇ ਖਿਡਾਰੀਆਂ ਨੂੰ ਕਥਿਤ ਤੌਰ 'ਤੇ ਧਮਕਾਇਆ ਸੀ। ਇਹ ਧਮਕੀਆਂ ਭਾਰਤੀ ਮੂਲ ਦੇ ਖਿਡਾਰੀ ਦਿਲਪ੍ਰੀਤ ਸਿੰਘ ਬਾਜਵਾ ਨੂੰ ਕਪਤਾਨ ਵਜੋਂ ਤੇਜ਼ੀ ਨਾਲ ਉਭਾਰਨ ਲਈ ਸਮਰਥਨ ਹਾਸਲ ਕਰਨ ਵਾਸਤੇ ਦਿੱਤੀਆਂ ਗਈਆਂ ਸਨ।


ਦਿਲਪ੍ਰੀਤ ਬਾਜਵਾ, ਜੋ ਮੂਲ ਰੂਪ ਵਿਚ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਦਾ ਰਹਿਣ ਵਾਲਾ ਹੈ ਅਤੇ ਡੀ.ਏ.ਵੀ. ਸੈਂਟੇਨਰੀ ਸਕੂਲ ਦਾ ਸਾਬਕਾ ਵਿਦਿਆਰਥੀ ਹੈ, 2020 ਵਿਚ ਕੈਨੇਡਾ ਗਿਆ ਸੀ। ਉਸ ਨੂੰ 2026 ਦੇ ਟੀ-20 ਵਿਸ਼ਵ ਕੱਪ ਤੋਂ ਕੁਝ ਹਫ਼ਤੇ ਪਹਿਲਾਂ ਕਪਤਾਨ ਨਿਯੁਕਤ ਕੀਤਾ ਗਿਆ ਸੀ, ਜਿਸ ਫੈਸਲੇ ਨੇ ਚੋਣਕਾਰਾਂ, ਕੋਚ ਅਤੇ ਸੀਨੀਅਰ ਖਿਡਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ। ਰਿਪੋਰਟ ਅਤੇ ਵਿਸ਼ਵਵਿਆਪੀ ਨਿਊਜ਼ ਆਊਟਲੇਟਸ ਨੇ ਹਾਈਲਾਈਟ ਕੀਤਾ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਦੀ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਟੀ-20 ਵਿਸ਼ਵ ਕੱਪ ਦੌਰਾਨ ਚੇਨੱਈ ਵਿਚ ਨਿਊਜ਼ੀਲੈਂਡ ਵਿਰੁੱਧ ਸੁੱਟੇ ਗਏ ਇੱਕ ਸ਼ੱਕੀ ਓਵਰ ਲਈ ਬਾਜਵਾ ਦੀ ਜਾਂਚ ਕਰ ਰਹੀ ਹੈ। ਇਸ ਓਵਰ ਵਿਚ ਉਸ ਨੇ ਇੱਕ ਨੋ-ਬਾਲ, ਇੱਕ ਵਾਈਡ ਸੁੱਟੀ ਅਤੇ 15 ਦੌੜਾਂ ਦਿੱਤੀਆਂ। ਆਈ.ਸੀ.ਸੀ. ਵੱਲੋਂ ਬਾਜਵਾ ਤੋਂ ਪੁੱਛਗਿੱਛ ਕੀਤੀ ਗਈ ਅਤੇ ਰਿਪੋਰਟਾਂ ਅਨੁਸਾਰ ਉਸਦਾ ਫੋਨ ਵੀ ਤਲਾਸ਼ਿਆ ਗਿਆ। ਡੇਲਟਾ, ਬੀ.ਸੀ. ਵਿਚ ਕੈਨੇਡੀਅਨ ਪੁਲਿਸ ਅਤੇ ਆਰ.ਸੀ.ਐੱਮ.ਪੀ. ਇਸ ਘੁਟਾਲੇ ਨਾਲ ਜੁੜੇ ਘਰਾਂ 'ਤੇ ਗੋਲੀਬਾਰੀ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ। ਡਾਕੂਮੈਂਟਰੀ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਡਰਾਉਣ-ਧਮਕਾਉਣ ਦਾ ਮੁੱਖ ਉਦੇਸ਼ ਬਾਜਵਾ ਅਤੇ ਇੱਕ ਹੋਰ ਖਿਡਾਰੀ ਦੇ ਅਹੁਦੇ ਦੀ ਰੱਖਿਆ ਕਰਨਾ ਸੀ। ਕ੍ਰਿਕਟ ਕੈਨੇਡਾ ਦੇ ਸਾਬਕਾ ਅਧਿਕਾਰੀਆਂ ਨੇ ਧਮਕੀਆਂ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ, ਜਦੋਂ ਕਿ ਬੋਰਡ ਨੂੰ ਮਾੜੇ ਸ਼ਾਸਨ ਅਤੇ ਬਾਹਰੀ ਦਖਲਅੰਦਾਜ਼ੀ ਦੇ ਵਿਆਪਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਈ.ਸੀ.ਸੀ., ਕੈਨੇਡੀਅਨ ਪੁਲਿਸ ਅਤੇ ਕ੍ਰਿਕਟ ਕੈਨੇਡਾ ਵੱਲੋਂ ਜਾਂਚ ਜਾਰੀ ਹੈ ਅਤੇ ਅਜੇ ਤੱਕ ਕੋਈ ਦੋਸ਼ ਆਇਦ ਨਹੀਂ ਕੀਤੇ ਗਏ ਹਨ।

# ਸੈਟੇਲਾਈਟ ਫ਼ੋਨ ਮਿਲਣ ਕਾਰਨ ਸ੍ਰੀਨਗਰ ਹਵਾਈ ਅੱਡੇ 'ਤੇ 2 ਅਮਰੀਕੀ ਨਾਗਰਿਕ ਗ੍ਰਿਫ਼ਤਾਰ

ਸ਼੍ਰੀਨਗਰ
ਸਾਂਝੀ ਸੋਚ ਬਿਊਰੋ

ਸ੍ਰੀਨਗਰ ਹਵਾਈ ਅੱਡੇ 'ਤੇ ਸੁਰੱਖਿਆ ਜਾਂਚ ਦੌਰਾਨ 2 ਅਮਰੀਕੀ ਨਾਗਰਿਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਜਾਣਕਾਰੀ ਅਨੁਸਾਰ, ਰੂਟੀਨ ਸਕੈਨਿੰਗ ਦੌਰਾਨ ਇਕ ਅਮਰੀਕੀ ਨਾਗਰਿਕ ਦੇ ਬੈਗ ਵਿਚੋਂ 'ਗਾਰਮਿਨ' ਕੰਪਨੀ ਦਾ ਇਕ ਸੈਟੇਲਾਈਟ ਫ਼ੋਨ ਬਰਾਮਦ ਹੋਇਆ ਹੈ। ਜਿਸ ਵਿਅਕਤੀ ਦੇ ਬੈਗ ਵਿਚੋਂ ਸੈਟੇਲਾਈਟ ਫ਼ੋਨ ਮਿਲਿਆ ਹੈ, ਉਸ ਦੀ ਪਛਾਣ ਅਮਰੀਕਾ ਦੇ ਮੋਂਟਾਨਾ ਰਾਜ ਦੇ ਰਹਿਣ ਵਾਲੇ ਜੈਫਰੀ ਸਕੌਟ ਵਜੋਂ ਹੋਈ ਹੈ। ਹਵਾਈ ਅੱਡੇ ਦੀ ਸੁਰੱਖਿਆ ਵੱਲੋਂ ਮੁੱਢਲੀ ਪੁੱਛਗਿੱਛ ਕਰਨ ਤੋਂ ਬਾਅਦ, ਸੰਤੋਸ਼ਜਨਕ ਜਵਾਬ ਨਾ ਮਿਲਣ 'ਤੇ ਦੋਵਾਂ ਨੂੰ ਅਗਲੀ ਜਾਂਚ ਲਈ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ। ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਦੋਵੇਂ ਅਮਰੀਕੀ ਕਿਸ ਮਕਸਦ ਨਾਲ ਸ੍ਰੀਨਗਰ ਆਏ ਸਨ ਅਤੇ ਉਨ੍ਹਾਂ ਕੋਲ ਇਹ ਸੈਟੇਲਾਈਟ ਫ਼ੋਨ ਕਿਉਂ ਸੀ। ਸਰੋਤਾਂ ਅਨੁਸਾਰ, ਭਾਰਤ 'ਚ ਵਿਦੇਸ਼ੀ ਨਾਗਰਿਕਾਂ ਲਈ ਥੁਰਾਇਆ ਜਾਂ ਇਰੀਡੀਅਮ ਵਰਗੇ ਸੈਟੇਲਾਈਟ ਫ਼ੋਨ ਲਿਆਉਣ 'ਤੇ ਸਖ਼ਤ ਪਾਬੰਦੀ ਹੈ। ਜੇਕਰ ਕੋਈ ਅਜਿਹਾ ਫ਼ੋਨ ਲਿਆਉਂਦਾ ਹੈ, ਤਾਂ ਉਸ ਕੋਲ ਦੂਰਸੰਚਾਰ ਵਿਭਾਗ ਦਾ ਲਾਇਸੈਂਸ ਹੋਣਾ ਲਾਜ਼ਮੀ ਹੈ। ਨਵੇਂ ਟੈਲੀਕਮਿਊਨੀਕੇਸ਼ਨ ਐਕਟ 2023 ਅਤੇ ਭਾਰਤੀ ਵਾਇਰਲੈੱਸ ਟੈਲੀਗ੍ਰਾਫੀ ਐਕਟ 1933 ਦੇ ਤਹਿਤ, ਬਿਨਾਂ ਇਜਾਜ਼ਤ ਸੈਟੇਲਾਈਟ ਫ਼ੋਨ ਰੱਖਣਾ ਇਕ ਗੰਭੀਰ ਅਪਰਾਧ ਹੈ। ਇਸ ਦੇ ਲਈ 3 ਸਾਲ ਤੱਕ ਦੀ ਜੇਲ੍ਹ ਅਤੇ 2 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸੁਰੱਖਿਆ ਏਜੰਸੀਆਂ ਕਸ਼ਮੀਰ ਵਰਗੇ ਸੰਵੇਦਨਸ਼ੀਲ ਇਲਾਕਿਆਂ ਵਿਚ ਅਜਿਹੇ ਮਾਮਲਿਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੀਆਂ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

JRP REALTY GROUP
A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries
Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS




Jaswant S.Pannu
Office: 209-900-1994
Cell: 408-340-0157
jaswantpannu@yahoo.com

Raman Singh
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਗੱਲੀਂ ਬਾਤੀਂ ਮੈਂ ਵੱਡੀ ਕਰਤੂਤੀਂ ਵੱਡੀ ਜੇਠਾਣੀ



ਗੁਰਮੀਤ ਸਿੰਘ ਪਲਾਹੀ
98158-02070

ਕਾਗਜ਼ਾਂ ਵਿੱਚ ਕਾਨੂੰਨਾਂ ਦੀ ਝੜੀ ਲੱਗੀ ਹੋਈ ਹੈ। ਕਿਧਰੇ ਨਾਰੀ ਦੇ ਹੱਕ ਵਿੱਚ ਹੁੰਕਾਰ ਭਰੀ ਜਾ ਰਹੀ ਹੈ, ਕਿਧਰੇ "ਪਰਸੀਮਨ" ਕਾਨੂੰਨ ਲਿਆਉਣ ਲਈ ਕੇਂਦਰੀ ਹਾਕਮ ਪੱਬਾਂ ਭਾਰ ਹਨ। ਪਰ ਜ਼ਮੀਨੀ ਪੱਧਰ 'ਤੇ ਚਹੁੰ ਕੁੰਟੀ ਅਸੰਤੋਸ਼ ਦੀ ਜੁਆਲਾ ਭੜਕ ਰਹੀ ਹੈ।

ਕਾਗਜ਼ਾਂ 'ਤੇ ਬਣਦੇ ਇਹ ਵੱਡੇ-ਵੱਡੇ ਦਾਅਵੇ ਅਤੇ ਐਲਾਨ ਹਕੀਕਤ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ ਹਨ। ਗੱਲਾਂ ਵਿੱਚ ਵੱਡੇ ਬਣਨ ਵਾਲੀ ਇਹ ਪ੍ਰਣਾਲੀ, ਕਰਤੂਤਾਂ ਵਿੱਚ ਮਜ਼ਦੂਰ ਤੇ ਆਮ ਇਨਸਾਨ ਦੇ ਹੱਕਾਂ ਨੂੰ ਪਿੱਛੇ ਧੱਕ ਰਹੀ ਹੈ-ਇਸੇ ਲਈ ਇਹ ਅਖਾਣ ਅੱਜ ਦੇ ਹਾਲਾਤਾਂ 'ਤੇ ਬਿਲਕੁਲ ਖਰਾ ਉਤਰਦਾ ਹੈ।

ਸਿਆਸਤਦਾਨਾਂ ਵੱਲੋਂ ਘੜੇ ਕਾਨੂੰਨ ਗੱਲੀਂ ਬਾਤੀਂ ਬੇਸ਼ੱਕ ਬਹੁਤ ਵੱਡੇ ਤੇ ਨਿਆਂਪੂਰਨ ਦੱਸੇ ਜਾਂਦੇ ਹਨ, ਪਰ ਹਕੀਕਤ ਵਿੱਚ ਛੋਟੇ ਕਾਨੂੰਨ ਹਨ।

ਪਹਿਲਾਂ ਪਾਸ ਹੋਇਆ ਮਜ਼ਦੂਰਾਂ ਦੇ ਹੱਕ ਖੋਂਹਦਾ ਲੇਬਰ ਕਾਨੂੰਨ ਕਟਹਿਰੇ 'ਚ ਹੈ। ਕਿਧਰੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਦੇਸ਼ ਦੀ ਵਿਰੋਧੀ ਧਿਰ ਨੇ ਰਾਖਵਾਂਕਰਨ ਬਿੱਲ ਰੋਕ ਕੇ ਔਰਤਾਂ ਦੇ ਸੁਪਨਿਆਂ ਨੂੰ ਕੁਚਲਿਆ ਹੈ, ਭਰੂਣ ਹੱਤਿਆ ਕੀਤੀ ਹੈ,ਜਿਸਨੂੰ ਉਹ ਗੰਭੀਰ ਅਨਿਆਂ ਤੇ ਪਾਪ ਦੱਸਦੇ ਹਨ। ਦੂਜੇ ਪਾਸੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪਰਸੀਮਨ ਯੋਜਨਾ ਨੂੰ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਕਰਾਰ ਦਿੰਦੀ ਹੈ। ਕਾਂਗਰਸੀ ਨੇਤਾਵਾਂ ਅਨੁਸਾਰ ਇਹ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ, ਜਿਸ ਨੂੰ ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਰੋਕਿਆ।

ਇਹ ਸਿਰਫ਼ ਨਾਰੀ ਜਾਂ ਰਾਜਨੀਤੀ ਤੱਕ ਸੀਮਤ ਨਹੀਂ, ਮਜ਼ਦੂਰ ਵਰਗ ਵੀ ਇਸਦਾ ਸਿੱਧਾ ਸ਼ਿਕਾਰ ਬਣ ਰਿਹਾ ਹੈ। ਮਜ਼ਦੂਰਾਂ ਵਿਰੋਧੀ ਲੇਬਰ ਕਾਨੂੰਨਾਂ, ਘੱਟ ਮਜ਼ਦੂਰੀ, ਲੰਮੇ ਕੰਮ ਦੇ ਘੰਟਿਆਂ ਅਤੇ ਕਾਰਪੋਰੇਟਾਂ ਵੱਲੋਂ ਹੋ ਰਹੇ ਵਿਆਪਕ ਸ਼ੋਸ਼ਣ ਵਿਰੁੱਧ ਨੋਇਡਾ 'ਚ ਧਰਨਾ ਸ਼ੁਰੂ ਹੋਇਆ। ਦੇਸ਼ ਦੀਆਂ ਕਈ ਉਦਯੋਗਿਕ ਇਕਾਈਆਂ ਦੇ ਮਜ਼ਦੂਰ ਸੰਘਰਸ਼ ਲਈ ਸੜਕ 'ਤੇ ਉੱਤਰ ਆਏ।

ਮਜ਼ਦੂਰਾਂ ਦੀ ਮੰਗ ਸਾਫ਼ ਸੀ- 08 ਘੰਟੇ ਕੰਮ, 20 ਹਜ਼ਾਰ ਰੁਪਏ ਮਹੀਨਾ ਤਨਖਾਹ, ਓਵਰਟਾਈਮ ਦਾ ਦੁੱਗਣਾ ਭੁਗਤਾਨ ਅਤੇ ਹਫ਼ਤਾਵਾਰੀ ਛੁੱਟੀ। ਨੋਇਡਾ ਦੇ ਹੋਜ਼ਰੀ ਕੰਪਲੈਕਸ ਵਿੱਚ ਸਾਹੂ ਐਕਸਪੋਰਟ , ਮਦਰਧਨ ਆਟੋਮੋਬਾਈਲ ਪਾਰਟਸ ਸਮੇਤ ਸੈਂਕੜੇ ਹੋਰ ਕਾਰਖਾਨਿਆਂ ਦੇ ਮਜ਼ਦੂਰ ਇਕੱਠੇ ਹੋ ਗਏ। ਪ੍ਰਸ਼ਾਸਨ ਨੇ ਚਾਰ ਦਿਨ ਤੱਕ ਸਮਝੌਤਿਆਂ ਦੇ ਭਰੋਸੇ ਦਿੱਤੇ, ਪਰ ਵਾਅਦਾ ਖ਼ਿਲਾਫ਼ੀ ਨਾਲ ਸਬਰ ਦਾ ਕੜ ਟੁੱਟ ਗਿਆ। 13 ਅਪ੍ਰੈਲ ਨੂੰ ਹਿੰਸਾ ਭੜਕੀ, ਵਾਹਨਾਂ ਨੂੰ ਅੱਗ ਲਗਾਈ ਗਈ ਅਤੇ ਐਨ.ਐੱਚ-9 ਦਿੱਲੀ-ਮੇਰਠ ਐਕਸਪ੍ਰੈਸਵੇ ਜਾਮ ਕਰ ਦਿੱਤਾ ਗਿਆ।

ਇਹੋ ਜਿਹੇ ਹਾਲਾਤ ਪਹਿਲਾਂ ਵੀ ਸੂਰਤ, ਝਾਂਸੀ ਅਤੇ ਪਾਣੀਪਤ ਵਿੱਚ ਵੇਖੇ ਜਾ ਚੁੱਕੇ ਹਨ। ਭਾਵੇਂ ਨੋਇਡਾ ਦਾ ਮਾਮਲਾ ਕੁਝ ਵਾਧੇ ਨਾਲ ਥੋੜ੍ਹਾ ਠੰਢਾ ਪਿਆ, ਪਰ ਮਜ਼ਦੂਰ ਅਜੇ ਵੀ ਅਸੰਤੁਸ਼ਟ ਹਨ। ਉਹਨਾਂ ਦਾ ਕਹਿਣਾ ਹੈ ਕਿ ਘੋਸ਼ਣਾਵਾਂ ਤਾਂ ਬਹੁਤ ਹੁੰਦੀਆਂ ਹਨ, ਪਰ ਜ਼ਮੀਨ 'ਤੇ ਬਦਲਾਅ ਨਜ਼ਰ ਨਹੀਂ ਆਉਂਦਾ।

ਕੇਂਦਰ ਸਰਕਾਰ ਵੱਲੋਂ 2019-20 ਵਿੱਚ ਬਣਾਏ 40 ਪੁਰਾਣੇ ਕਾਨੂੰਨਾਂ ਨੂੰ ਸਮੇਟ ਕੇ 04 ਨਵੇਂ ਲੇਬਰ ਕੋਡ ਲਿਆਂਦੇ ਗਏ, ਜਿਨ੍ਹਾਂ ਦੇ ਲਾਗੂ ਹੋਣ ਬਾਰੇ ਵੱਡੇ ਦਾਅਵੇ ਕੀਤੇ ਗਏ। ਇਹ ਕਾਨੂੰਨ ਸਨ-ਮਜ਼ਦੂਰੀ ਸੰਹਿਤਾ 2019, ਉਦਯੋਗਿਕ ਸੰਬੰਧ ਸੰਹਿਤਾ 2020, ਸਮਾਜਿਕ ਸੁਰੱਖਿਆ ਸੰਹਿਤਾ 2020 ਅਤੇ ਵਿਵਸਾਇਕ ਸੁਰੱਖਿਆ, ਸਿਹਤ ਅਤੇ ਕਾਰਜ ਸਥਿਤੀ ਸੰਹਿਤਾ 2020 । ਇਹ 21 ਨਵੰਬਰ 2025 ਨੂੰ ਮੁੜ ਸੋਧ ਕਰਕੇ ਪ੍ਰਭਾਵਸ਼ੀਲ ਬਣਾਉਣ ਦੀ ਗੱਲ ਆਖੀ ਗਈ। ਮਜ਼ਦੂਰਾਂ ਨੂੰ ਉਮੀਦ ਸੀ ਕਿ ਉਹਨਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਵੇਗਾ, ਪਰ ਅਸਲ ਹਾਲਾਤ ਵਿੱਚ ਕੋਈ ਵੱਡਾ ਫ਼ਰਕ ਨਹੀਂ ਪਿਆ। ਮਜ਼ਦੂਰਾਂ ਨੂੰ ਆਸ ਸੀ ਕਿ ਪਹਿਲੀ ਅਪ੍ਰੈਲ 2026 ਨੂੰ ਤਨਖਾਹ ਵਿੱਚ ਸੰਸ਼ੋਧਿਤ ਵਾਧਾ ਹੋਏਗਾ,ਪਰ ਇੰਵ ਨਾ ਹੋਇਆ। ਕੇਂਦਰ ਸਰਕਾਰ ਨੇ ਆਪਣੀ ਇੱਕ ਰਿਪੋਰਟ ਅਨੁਸਾਰ ਤਨਖ਼ਾਹ 176 ਰੁਪਏ ਪ੍ਰਤੀ ਦਿਨ ਦੀ ਥਾਂ 375 ਰੁਪਏ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਇਹ ਫਾਈਲਾਂ 'ਚ ਧੂੜ ਫੱਕ ਰਹੀ ਹੈ। ਕਈ ਸਿਫ਼ਾਰਸ਼ਾਂ ਫ਼ਾਈਲਾਂ ਵਿੱਚ ਹੀ ਦੱਬੀਆਂ ਰਹਿ ਗਈਆਂ।

ਇਕ ਕਾਨੂੰਨ ਆਨਲਾਈਨ ਲਾਗੂ ਕਰਨ ਦੀ ਗੱਲ ਆਖੀ ਗਈ। ਆਨਲਾਈਨ ਪ੍ਰਣਾਲੀ ਲਾਗੂ ਕਰਨ ਨਾਲ ਨਿਰੀਖਣ ਪ੍ਰਕਿਰਿਆ ਕਮਜ਼ੋਰ ਹੋਈ, ਇੰਸਪੈਕਟਰੀ ਵਿਵਸਥਾ ਨੂੰ ਖੋਰਾ ਲੱਗਿਆ ਅਤੇ ਉਦਯੋਗਪਤੀਆਂ ਨੂੰ ਖੁੱਲ੍ਹੀ ਛੂਟ ਮਿਲ ਗਈ। ਸਵੇਰੇ 8 ਵਜੇ ਘਰੋਂ ਨਿਕਲਣ ਵਾਲਾ ਮਜ਼ਦੂਰ ਸ਼ਾਮ ਨੂੰ ਥੱਕਿਆ ਹਾਰਿਆ ਵਾਪਸ ਆਉਂਦਾ ਹੈ, ਪਰ ਉਸਦੀ ਮਿਹਨਤ ਦੇ ਬਦਲੇ ਉਸਨੂੰ ਨਾ ਇਨਸਾਫ਼ ਮਿਲਦਾ ਹੈ, ਨਾ ਇੱਜ਼ਤ-ਸਿਰਫ਼ ਗੁਜ਼ਾਰੇ ਦੀ ਜੰਗ ਮਿਲਦੀ ਹੈ। ਕਾਨੂੰਨਾਂ ਨੇ 12 ਘੰਟੇ ਤੱਕ ਦੀ ਮਜ਼ਦੂਰੀ ਨੂੰ ਕਾਨੂੰਨੀ ਮੰਨ ਲਿਆ। ਨਾਲ ਹੀ ਸਿਹਤ ਸੁਰੱਖਿਆ ਲਈ ਕਾਨੂੰਨੀ ਪ੍ਰਵਾਧਾਨ 10 ਤੋਂ 20 ਕਰਮਚਾਰੀਆਂ ਤੋਂ ਵਧਾ ਕੇ 20 ਤੋਂ 40 ਤੱਕ ਕਰ ਦਿੱਤੇ। ਕੰਮ ਦੇ ਘੰਟੇ ਵਧਾਉਣ ਅਤੇ ਕਾਨੂੰਨੀ ਦਾਇਰੇ ਨੂੰ ਘਟਾਉਣ ਨਾਲ ਛੋਟੀਆਂ ਫੈਕਟਰੀਆਂ ਦੀ ਵੱਡੀ ਗਿਣਤੀ ਨਿਗਰਾਨੀ ਤੋਂ ਬਾਹਰ ਰਹਿ ਗਈ।

ਤਨਖਾਹਾਂ ਵਿੱਚ ਵੀ ਵੱਡੀ ਅਸਮਾਨਤਾ ਵੇਖਣ ਨੂੰ ਮਿਲਦੀ ਹੈ। ਇੱਕੋ-ਜਿਹੇ ਕੰਮ ਲਈ ਵੱਖ-ਵੱਖ ਸੂਬਿਆਂ ਵਿੱਚ ਵੱਖਰੇ ਮਾਪਦੰਡ ਹਨ। ਮਜ਼ਦੂਰ ਜਦੋਂ ਇਹ ਤੁਲਨਾ ਕਰਦੇ ਹਨ ਤਾਂ ਉਹਨਾਂ ਵਿੱਚ ਅਸੰਤੋਸ਼ ਵਧਣਾ ਸੁਭਾਵਿਕ ਹੈ। ਉੱਤਰ ਪ੍ਰਦੇਸ਼ ਵਿੱਚ ਪਿਛਲੀ ਮੂਲ ਤਨਖਾਹ 'ਚ 2012 'ਚ ਵਾਧਾ ਹੋਇਆ ਸੀ-ਭਾਵ 14 ਸਾਲ ਪਹਿਲਾਂ। ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਇਹਨਾਂ 14 ਸਾਲਾਂ 'ਚ ਮਜ਼ਦੂਰੀ ਨਹੀਂ ਵਧੀ। ਮਹਿੰਗਾਈ ਭੱਤੇ ਵਿੱਚ ਮਾਮੂਲੀ ਵਾਧਾ ਹੁੰਦਾ ਰਿਹਾ।

ਸਿਤਮ ਦੀ ਗੱਲ ਹੈ ਕਿ ਦਿੱਲੀ ਵਿੱਚ ਘੱਟੋ-ਘੱਟ ਮਜ਼ਦੂਰੀ 19,846, ਹਰਿਆਣਾ 'ਚ 15,220, ਉੱਤਰ ਪ੍ਰਦੇਸ਼ 'ਚ 11,313 ਅਤੇ ਰਾਜਸਥਾਨ ਵਿੱਚ ਸਿਰਫ਼ 7,410 ਰੁਪਏ ਹੈ। ਇਹ ਸੂਬੇ ਇੱਕ ਦੂਜੇ ਨਾਲ ਸਰਹੱਦੀ ਸਾਂਝ ਵਾਲੇ ਹਨ। ਮਜ਼ਦੂਰ ਇਧਰ-ਉਧਰ ਕੰਮ ਕਰਦੇ ਹਨ ਅਤੇ ਤੁਲਨਾਤਮਕ ਤੌਰ 'ਤੇ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਠੱਗਿਆ ਜਾ ਰਿਹਾ ਹੈ। ਕਈ ਥਾਵਾਂ 'ਤੇ ਸਾਲਾਂ ਤੋਂ ਮਜ਼ਦੂਰੀ ਵਿੱਚ ਕੋਈ ਵੱਡਾ ਵਾਧਾ ਨਹੀਂ ਹੋਇਆ, ਜਦਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ। ਕੀ ਇਹੀ ਹੈ ਉਹ ਵਿਕਾਸ, ਜਿਸਦਾ ਸੁਪਨਾ ਦੇਸ਼ ਦੇ ਮਜ਼ਦੂਰਾਂ ਨੂੰ ਦਿਖਾਇਆ ਜਾਂਦਾ ਹੈ?

ਹਰਿਆਣਾ ਵਿੱਚ ਪਹਿਲਾਂ ਮਜ਼ਦੂਰੀ 11,274 ਸੀ, ਜੋ ਵਧਾ ਕੇ 1 ਅਪ੍ਰੈਲ 2026 ਨੂੰ 15,220 ਕੀਤੀ ਗਈ। ਗੱਲੀਂ-ਬਾਤੀਂ ਗੱਲਾਂ ਕਰਨ ਵਾਲੀ ਨੀਤੀ ਤਹਿਤ ਦੇਸ਼ ਵਿੱਚ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਜਿੱਥੇ ਕੰਮ ਦੇ ਘੰਟੇ ਵਧਾਏ ਗਏ, ਘੱਟੋ-ਘੱਟ ਉਜਰਤ ਲਾਗੂ ਨਾ ਕਰਨ ਦੀ ਨੀਤੀ 'ਤੇ ਟਾਲਮਟੋਲ ਕੀਤਾ ਗਿਆ, ਉੱਥੇ ਠੇਕੇਦਾਰੀ ਸਿਸਟਮ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਗਿਆ।

ਸਾਲ 2019-20 ਵਿੱਚ 38 ਫ਼ੀਸਦੀ ਤੋਂ ਵੱਧ ਕੇ 2023-24 ਵਿੱਚ 42 ਫ਼ੀਸਦੀ ਤੱਕ ਠੇਕੇਦਾਰੀ ਸਿਸਟਮ 'ਚ ਮਜ਼ਦੂਰਾਂ ਦੀ ਸੰਖਿਆ ਵਧੀ। ਇਹਨਾਂ ਮਜ਼ਦੂਰਾਂ 'ਤੇ ਕੋਈ ਕਾਨੂੰਨ ਹੀ ਲਾਗੂ ਨਹੀਂ ਹੁੰਦਾ। ਹੱਕ ਲਈ ਹੁੰਕਾਰ ਭਰਦੇ ਭਾਰਤੀ ਮਜ਼ਦੂਰਾਂ ਦੀ ਸਥਿਤੀ ਅਤਿਅੰਤ ਤਰਸਯੋਗ ਹੈ। ਵਿੱਤੀ ਸਾਲ 2017 ਤੋਂ 2026 ਤੱਕ ਐੱਸ.ਬੀ.ਆਈ ਰਿਸਰਚ ਰਿਪੋਰਟ ਅਨੁਸਾਰ ਭਾਰਤ ਵਿੱਚ ਮਜ਼ਦੂਰੀ ਵਾਧਾ ਔਸਤਨ ਸਿਰਫ 0.23 ਰਿਹਾ-ਜਾਣੀ ਸਿਫ਼ਰ, ਇੱਕ ਵੱਡਾ ਜ਼ੀਰੋ। ਆਈ.ਐੱਲ.ਓ ਦੀ ਇੰਡੀਆ ਰੁਜ਼ਗਾਰ ਰਿਪੋਰਟ 2024 ਦੱਸਦੀ ਹੈ ਕਿ 2012 ਤੋਂ 2022 ਦੇ ਸਮੇਂ 'ਚ ਨਿਯਮਤ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਜਾਂ ਤਾਂ ਸਥਿਰ ਰਹੀ ਜਾਂ ਫਿਰ ਘੱਟ ਗਈ। ਆਈ.ਐਲ.ਓ. ਅਨੁਸਾਰ 90 ਫ਼ੀਸਦੀ ਮਜ਼ਦੂਰ ਗੈਰ-ਸੰਗਠਿਤ ਖੇਤਰ 'ਚ ਹਨ-ਇਹੀ ਇਸ ਸਥਿਤੀ ਦੀ ਮੂਲ ਜੜ੍ਹ ਹੈ। ਇਸ ਲਈ ਮਜ਼ਦੂਰ ਯੂਨੀਅਨਾਂ ਨੂੰ ਮਜ਼ਬੂਤ ਬਣਾਉਣਾ ਅਤੇ ਉਹਨਾਂ ਦੀ ਆਵਾਜ਼ ਨੂੰ ਨੀਤੀ ਘਾੜਿਆਂ ਤੱਕ ਪਹੁੰਚਾਉਣਾ ਵੀ ਬਹੁਤ ਜ਼ਰੂਰੀ ਹੈ। ਠੇਕੇਦਾਰੀ ਪ੍ਰਣਾਲੀ ਦੇ ਫੈਲਾਅ ਨਾਲ ਮਜ਼ਦੂਰਾਂ ਦੀ ਸੁਰੱਖਿਆ ਹੋਰ ਘਟ ਗਈ ਹੈ। ਇਸ ਤਹਿਤ ਕੰਮ ਕਰਨ ਵਾਲੇ ਕਈ ਮਜ਼ਦੂਰ ਬੁਨਿਆਦੀ ਕਾਨੂੰਨੀ ਸੁਰੱਖਿਆ ਤੋਂ ਵੀ ਵਾਂਝੇ ਹਨ। ਇਹ ਹਾਲਾਤ ਉਹਨਾਂ ਦੀ ਆਰਥਿਕ ਅਤੇ ਸਮਾਜਿਕ ਅਸਥਿਰਤਾ ਨੂੰ ਹੋਰ ਗੰਭੀਰ ਬਣਾਉਂਦੇ ਹਨ।

ਵੱਖ-ਵੱਖ ਰਿਪੋਰਟਾਂ ਵੀ ਦਰਸਾਉਂਦੀਆਂ ਹਨ ਕਿ ਮਜ਼ਦੂਰੀ ਵਾਧਾ ਬਹੁਤ ਹੀ ਘੱਟ ਰਿਹਾ ਹੈ ਅਤੇ ਗੈਰ-ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਨਾਜ਼ੁਕ ਹੈ। ਖੇਤੀ ਅਤੇ ਨਿਰਮਾਣ ਖੇਤਰ ਵਿੱਚ ਬਹੁਤ ਸਾਰੇ ਮਜ਼ਦੂਰ ਘੱਟੋ-ਘੱਟ ਤਨਖਾਹ ਤੋਂ ਵੀ ਘੱਟ 'ਤੇ ਕੰਮ ਕਰ ਰਹੇ ਹਨ ਅਤੇ ਸਮਾਜਿਕ ਸੁਰੱਖਿਆ ਦੇ ਲਾਭਾਂ ਤੋਂ ਵੀ ਵਾਂਝੇ ਹਨ। ਇੱਕ ਰਿਪੋਰਟ ਅਨੁਸਾਰ 2022 ਤੋਂ ਖੇਤੀ ਖੇਤਰ ਵਿੱਚ 62 ਫ਼ੀਸਦੀ ਅਤੇ ਨਿਰਮਾਣ ਖੇਤਰ 'ਚ 70 ਫ਼ੀਸਦੀ ਗੈਰ-ਹੁਨਰਮੰਦ ਕਾਮਿਆਂ ਦੀ ਦਿਹਾੜੀ ਘੱਟੋ-ਘੱਟ ਤਨਖਾਹ ਤੋਂ ਵੀ ਘੱਟ ਹੈ। ਰਿਪੋਰਟ ਦਾ ਇਹ ਕਹਿਣਾ ਵੀ ਚਿੰਤਾਜਨਕ ਹੈ ਕਿ ਦੇਸ਼ ਵਿੱਚ 53.4 ਫ਼ੀਸਦੀ ਖੇਤੀ ਕਾਮੇ ਸਮਾਜਿਕ ਸੁਰੱਖਿਆ ਦੇ ਲਾਭ ਦੇ ਪਾਤਰ ਹੀ ਨਹੀਂ ਹਨ।

ਸਿਰਫ਼ ਕੇਂਦਰ ਹੀ ਨਹੀਂ, ਸੂਬਾ ਸਰਕਾਰਾਂ ਵੀ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਪੂਰੀ ਤਰ੍ਹਾਂ ਸੰਵੇਦਨਸ਼ੀਲ ਨਹੀਂ ਜਾਪਦੀਆਂ। ਇਹ ਵੀ ਆਪਣੇ ਹਿੱਤਾਂ ਦੀ ਖਾਤਰ ਮਜ਼ਦੂਰਾਂ ਦੇ ਹਿੱਤਾਂ ਨੂੰ ਛਿੱਕੇ ਟੰਗ ਦਿੰਦੀਆਂ ਹਨ। ਕਈ ਵਿਸ਼ਲੇਸ਼ਕਾਂ ਦੇ ਅਨੁਸਾਰ, ਆਰਥਿਕ ਹਿੱਤਾਂ ਅਤੇ ਉਦਯੋਗਪਤੀਆਂ ਦੇ ਦਬਾਅ ਕਾਰਨ ਮਜ਼ਦੂਰਾਂ ਦੇ ਹਿੱਤ ਪਿੱਛੇ ਰਹਿ ਜਾਂਦੇ ਹਨ। ਉਹ ਅੰਤਰਰਾਸ਼ਟਰੀ ਕਾਨੂੰਨ ਜਿਹੜਾ ਮਜ਼ਦੂਰਾਂ ਨੂੰ ਵੱਡੇ ਸੰਘਰਸ਼ ਤੋਂ ਬਾਅਦ ਅੱਠ ਘੰਟੇ ਦੀ ਦਿਹਾੜੀ ਮਜ਼ਦੂਰੀ ਤੱਕ ਸੀਮਤ ਕਰਦਾ ਹੈ, ਉਸ ਨੂੰ ਕੇਂਦਰ ਸਰਕਾਰ ਨੇ ਪੈਰਾਂ ਹੇਠ ਮਿੱਧ ਦਿੱਤਾ।

ਨਤੀਜੇ ਵਜੋਂ ਮਜ਼ਦੂਰ ਆਰਥਿਕ ਤੌਰ 'ਤੇ ਪਿਸ ਰਿਹਾ ਹੈ ਅਤੇ ਉਸ ਵਿੱਚ ਅਸੰਤੋਸ਼ ਪੈਦਾ ਹੋ ਰਿਹਾ ਹੈ। ਇਹ ਅਸੰਤੋਸ਼ ਉਸਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਿੱਧਾ ਦਰਪਣ ਹੈ-ਤਨਖਾਹਾਂ ਦੀ ਅਸਮਾਨਤਾ, ਵਧਦੀ ਜੀਵਨ ਲਾਗਤ, ਠੇਕਾ ਪ੍ਰਥਾ ਅਤੇ ਸ਼ਿਕਾਇਤ ਨਿਵਾਰਣ ਦੀ ਕਮੀ। ਕਈ ਥਾਵਾਂ 'ਤੇ ਮਜ਼ਦੂਰਾਂ ਨੂੰ ਬਿਮਾਰੀ ਦੀ ਛੁੱਟੀ, ਢੰਗ ਦੀ ਬਰੇਕ ਜਾਂ ਹੋਰ ਬੁਨਿਆਦੀ ਸਹੂਲਤਾਂ ਵੀ ਪ੍ਰਾਪਤ ਨਹੀਂ। ਇਸ ਤਰ੍ਹਾਂ ਦੇ ਕੰਮਕਾਜੀ ਮਾਹੌਲ ਵਿੱਚ ਮਜ਼ਦੂਰ ਸਿਰਫ਼ ਇੱਕ ਮਸ਼ੀਨ ਬਣ ਕੇ ਰਹਿ ਜਾਂਦਾ ਹੈ।

ਗੱਲੀਂ-ਬਾਤੀਂ ਕੁਝ ਨਹੀਂ ਸੌਰਦਾ। ਲੋੜ ਹੈ ਕਿ ਲੇਬਰ ਕਾਨੂੰਨ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ, ਸਗੋਂ ਉਹਨਾਂ ਨੂੰ ਅਮਲ ਵਿੱਚ ਲਿਆਉਣ ਯੋਗ ਬਣਾਇਆ ਜਾਵੇ। ਦਫ਼ਤਰਾਂ ਅਤੇ ਕਾਰਖਾਨਿਆਂ ਦਾ ਨਿਯਮਿਤ ਨਿਰੀਖਣ ਹੋਵੇ, ਕੰਮ ਦੇ ਘੰਟੇ ਮਨੁੱਖੀ ਮਿਆਰ ਅਨੁਸਾਰ ਨਿਰਧਾਰਤ ਕੀਤੇ ਜਾਣ ਅਤੇ ਨੌਕਰੀ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਝਗੜਿਆਂ ਦੇ ਨਿਪਟਾਰੇ ਲਈ ਮਜ਼ਬੂਤ ਸੰਸਥਾਵਾਂ ਬਣਨੀਆਂ ਚਾਹੀਦੀਆਂ ਹਨ ਅਤੇ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅਖੀਰ ਵਿੱਚ ਸਵਾਲ ਇਹ ਹੈ ਕਿ ਜਦ ਤੱਕ ਕਾਨੂੰਨ ਜ਼ਮੀਨ 'ਤੇ ਨਹੀਂ ਉਤਰਦੇ, ਮਜ਼ਦੂਰ ਲਈ ਇਨਸਾਫ਼ ਸਿਰਫ਼ ਇੱਕ ਭਰਮ ਹੀ ਰਹੇਗਾ। ਕਾਨੂੰਨ ਬਣਾਉਣੇ ਅਤੇ ਉਹਨਾਂ 'ਤੇ ਇਮਾਨਦਾਰੀ ਨਾਲ ਪਹਿਰਾ ਨਾ ਦੇਣਾ ਅਸਲ ਵਿੱਚ ਲੋਕਾਂ ਨਾਲ ਵੱਡਾ ਧੋਖਾ ਹੈ। ਜਦ ਤੱਕ ਮਜ਼ਦੂਰ ਦੇ ਪਸੀਨਾ ਬਣ ਵਹੇ ਲਹੂ ਦੀ ਕਦਰ ਨਹੀਂ

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# MANI GREWAL

STANISLAUS COUNTY | DISTRICT 4

## SUPERVISOR

ਸਤ ਸ਼੍ਰੀ ਅਕਾਲ ਜੀ

**Stanislaus County Supervisor District-4**

ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ




Business Administration ਵਿੱਚ
Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**

**ਸਤ ਸ਼੍ਰੀ ਅਕਾਲ ਜੀ**

# CENTRAL VALLEY *FIRST.*



VIN
KRUTTIVENTI
FOR CONGRESS

**COMMON SENSE.
AFFORDABLE LIVING.
SAFE COMMUNITIES.
ACCOUNTABILITY.**

*Businessman. Job Creator. Proven Leader.*

VIN
KRUTTIVENTI
FOR CONGRESS

★ WIN ★
WITH VIN



ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.

ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।

## ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:

★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ

ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।

**LEARN MORE AT
VIN4CONGRESS.COM**

com/vin4congress @vin4congress

PAID FOR BY VIN KRUTTIVENTI FOR CONGRESS CA-13





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ


ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਦਾ ਜਨਮ ਦਿਹਾੜਾ ਸਮਰਪਿਤ ਸਮਾਗਮ ਆਯੋਜਿਤ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ



ਬਾਬਾ ਜੀਵਨ ਸਿੰਘ ਮੈਮੋਰੀਅਲ ਐਂਡ ਰਿਸਰਚ ਟਰੱਸਟ (ਰਜਿ.) ਅਤੇ ਦਿ ਹੋਪ ਸੋਸਾਇਟੀ ਅੰਮ੍ਰਿਤਸਰ ਵੱਲੋਂ ਸਾਂਝੇ ਉਪਰਾਲੇ ਤਹਿਤ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਸਾਬਕਾ ਡੀ.ਐੱਸ.ਪੀ. ਪਰਲਾਦ ਸਿੰਘ ਨੇ ਬਾਬਾ ਸਾਹਿਬ ਦੀ ਜੀਵਨੀ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਨਵੀਂ ਪੀੜੀ ਨੂੰ ਸੰਦੇਸ਼ ਦਿੱਤਾ ਕਿ ਅਸੀਂ ਬਾਬਾ ਸਾਹਿਬ ਦੇ ਦਿਖਾਏ ਰਾਹ ‘ਤੇ ਚੱਲਦਿਆਂ ਆਪਣੇ ਜੀਵਨ ਵਿੱਚ ਅੱਗੇ ਵਧੀਏ। ਇਸ ਦੌਰਾਨ ਕੇਕ ਕੱਟ ਕੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਗਿਆ। ਦਿ ਹੋਪ ਸੋਸਾਇਟੀ ਅੰਮ੍ਰਿਤਸਰ ਦੇ ਚੇਅਰਮੈਨ ਡਾ. ਲਖਬੀਰ ਸਿੰਘ ਰੰਧਾਵਾ ਅਤੇ ਟਰੱਸਟ ਦੇ ਮੈਂਬਰਾਂ ਤੇ ਸਲਾਹਕਾਰਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਲਗਾਤਾਰ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸੋਸਾਇਟੀ ਦਾ ਮੁੱਖ ਉਦੇਸ਼ ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਅਤੇ ਲੋਕਾਂ ਨੂੰ ਪੋਸ਼ਟਿਕ ਖੁਰਾਕ ਵੱਲ ਪ੍ਰੇਰਿਤ ਕਰਨਾ ਹੈ, ਤਾਂ ਜੋ ਹਰ ਵਿਅਕਤੀ ਤੰਦਰੁਸਤ ਜੀਵਨ ਜੀ ਸਕੇ। ਇਸ ਮੌਕੇ ਡਾ. ਸਰਬਜੀਤ ਸਿੰਘ, ਰਾਮ ਸਿੰਘ, ਸਾਬਕਾ ਐੱਸ.ਪੀ. ਗੁਰਨਾਮ ਸਿੰਘ, ਗੁਰਸੇਵਕ ਸਿੰਘ (ਸਾਬਕਾ ਇੰਸਪੈਕਟਰ), ਕੈਪਟਨ ਸਤਨਾਮ ਸਿੰਘ ਸਮੇਤ ਹੋਰ ਸ਼ਖਸੀਅਤਾਂ ਮੌਜੂਦ ਸਨ।

# ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਸ਼ਰਧਾ ਨਾਲ ਮਨਾਈ ਗਈ

ਅੰਮ੍ਰਿਤਸਰ
ਸਵਿੰਦਰ ਸਿੰਘ



ਰਿਟਾਇਰ ਪੁਲਿਸ ਵੈਲਫੇਅਰ ਧਾਰਮਿਕ ਸੰਸਥਾ ਅੰਮ੍ਰਿਤਸਰ ਵੱਲੋਂ ਭਗਵਾਨ ਸ੍ਰੀ ਪਰਸੂਰਾਮ ਜੀ ਦਾ ਜਨਮ ਦਿਵਸ ਐਤਵਾਰ ਨੂੰ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਹ ਸਮਾਗਮ ਸ੍ਰੀ ਰਘੂਨਾਥ ਮੰਦਰ, ਵਿਜੇ ਨਗਰ ਗਲੀ ਨੰਬਰ 5, ਬਟਾਲਾ ਰੋਡ ਵਿਖੇ ਆਯੋਜਿਤ ਕੀਤਾ ਗਿਆ, ਜਿਥੇ ਭਗਵਾਨ ਸ੍ਰੀ ਪਰਸੂਰਾਮ ਜੀ ਦਾ ਪਵਿੱਤਰ ਸਰੂਪ ਸਥਾਪਿਤ ਹੈ। ਇਸ ਮੌਕੇ ਸਵੇਰੇ 7:30 ਵਜੇ ਭਗਵਾਨ ਸ੍ਰੀ ਪਰਸੂਰਾਮ ਜੀ ਦਾ ਪੰਚ ਅੰਮ੍ਰਿਤ ਨਾਲ ਇਸ਼ਨਾਨ ਅਤੇ ਵਿਧੀਵਤ ਪੂਜਾ ਅਰਚਨਾ ਕੀਤੀ ਗਈ। ਇਸ ਤੋਂ ਬਾਅਦ ਸਵੇਰੇ 9:00 ਵਜੇ ਸਰਬੱਤ ਦੇ ਭਲੇ ਲਈ ਹਵਣ ਯਗ ਕਰਵਾਇਆ ਗਿਆ। ਸਮਾਗਮ ਦੌਰਾਨ ਭਗਤਾਂ ਵੱਲੋਂ ਭਗਤੀ ਭਾਵਨਾ ਨਾਲ ਸ਼ਮੂਲੀਅਤ ਕੀਤੀ ਗਈ। ਅੰਤ ਵਿੱਚ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਪ੍ਰਸਾਦ ਪ੍ਰਾਪਤ ਕੀਤਾ। ਇਸ ਮੌਕੇ ਸੰਜੀਵ ਕੁਮਾਰ ਸ਼ਰਮਾ, ਪੰਨਾ ਲਾਲ ਸ਼ਰਮਾ, ਸੰਜੀਵ ਕੁਮਾਰ (ਜਨਰਲ ਸੈਕਟਰੀ) ਅਸ਼ੋਕ ਕੁਮਾਰ ਭਨੋਟ, ਵਿਜੈ ਕੁਮਾਰ ਰੀਡਰ, ਰਵਿੰਦਰ ਕੁਮਾਰ ਪਾਂਡੇ, ਵਿਜੈ ਕੁਮਾਰ, ਦਵਿੰਦਰ ਜੋਸ਼ੀ, ਵਿਜੈ ਕੁਮਾਰ (ਮੋਹਕਮਪੂਰਾ), ਯਸ਼ਪਾਲ ਸ਼ਰਮਾ, ਹਰਜੀਤ ਪਾਲ ਸ਼ਰਮਾ ਅਤੇ ਮੁਕੇਸ਼ ਕੁਮਾਰ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਅੰਮ੍ਰਿਤਸਰ ਵਿੱਚ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਮਹਿਲ਼ਾ ਵਿੰਗ ਵੱਲੋਂ ਨਵੀਂ ਟੀਮ ਦਾ ਗਠਨ




ਅੰਮ੍ਰਿਤਸਰ
ਸਵਿੰਦਰ ਸਿੰਘ

ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਮਹਿਲ਼ਾ ਵਿੰਗ ਵੱਲੋਂ ਅੱਜ ਅੰਮ੍ਰਿਤਸਰ ਵਿੱਚ ਮਹਿਲ਼ਾ ਸ਼ਕਤੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਨਵੀਂ ਟੀਮ ਦਾ ਗਠਨ ਕੀਤਾ ਗਿਆ।

ਇਸ ਮੌਕੇ ਉਪ ਪ੍ਰਧਾਨ ਮੈਡਮ ਜਨਕ ਜੋਸ਼ੀ ਅਤੇ ਮੈਡਮ ਰੀਨਾ ਜੈਟਲੀ ਵੱਲੋਂ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ ਗਈ। ਇਸ ਸਮਾਰੋਹ ਦੌਰਾਨ ਪੰਜਾਬ ਪ੍ਰਮੁੱਖ ਮੈਡਮ ਅਲਕਾ ਸ਼ਰਮਾ ਅਤੇ ਅੰਮ੍ਰਿਤਸਰ ਪ੍ਰਮੁੱਖ ਮੈਡਮ ਮੋਨਿਕਾ ਸ਼੍ਰੀਧਰ ਨੂੰ ਨਵੀਂ ਟੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਦੇ ਨਾਲ ਹੀ ਰਿੰਪੀ ਭਾਰਦਵਾਜ, ਸੁਨੀਤਾ ਸ਼ਰਮਾ, ਨਿਧੀ ਸ਼ਰਮਾ, ਡਾ. ਸ਼ਸ਼ੀ ਕਿਰਣ, ਮਾਂਸਾ ਤਿਵਾਰੀ ਅਤੇ ਰਾਜਨੀ ਸ਼ਰਮਾ ਨੂੰ ਸਰੋਪੇ ਭੇਂਟ ਕਰਕੇ ਟੀਮ ਵਿੱਚ ਸ਼ਾਮਲ ਹੋਣ ‘ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ‘ਤੇ ਆਯੋਜਕਾਂ ਨੇ ਉਮੀਦ ਜਤਾਈ ਕਿ ਨਵੀਂ ਟੀਮ ਆਪਣੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਸੰਸਥਾ ਨੂੰ ਹੋਰ ਮਜ਼ਬੂਤ ਬਣਾਏਗੀ ਅਤੇ ਸਮਾਜਿਕ ਸੇਵਾ ਵਿੱਚ ਅਹਿਮ ਯੋਗਦਾਨ ਪਾਏਗੀ।

# ਜਪਾਨ ਵਿੱਚ ਆਇਆ 7.4 ਤੀਬਰਤਾ ਦਾ ਜ਼ਬਰਦਸਤ ਭੂਚਾਲ: ਸੁਨਾਮੀ ਦੀ ਚੇਤਾਵਨੀ ਜਾਰੀ

ਸੈਨਰਿਕੂ (ਜਪਾਨ)
ਸਾਂਝੀ ਸੋਚ ਬਿਊਰੋ




ਜਾਪਾਨ ਵਿੱਚ ਭੂਚਾਲ ਜ਼ਬਰਦਸਤ ਆਇਆ ਹੈ, ਜਿਸ ਦੀ ਤੀਬਰਤਾ ਰਿਕਟਰ ਪੈਮਾਨੇ ‘ਤੇ 7.4 ਰਹੀ। ਜਾਪਾਨ ਦੇ ਮੌਸਮ ਵਿਭਾਗ ਨੇ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਹੈ। ਝੰਅ ਨੇ ਕਿਹਾ ਹੈ ਕਿ ਭੂਚਾਲ ਜਾਪਾਨ ਦੇ ਉੱਤਰੀ ਹਿੱਸੇ ਵਿੱਚ ਆਇਆ ਹੈ। ਵਿਭਾਗ ਅਨੁਸਾਰ ਇਸ ਦੇ ਪ੍ਰਭਾਵ ਨਾਲ ਸੁਨਾਮੀ ਆ ਸਕਦੀ ਹੈ, ਜਿਸ ਦੀਆਂ ਲਹਿਰਾਂ ਕਰੀਬ 10 ਫੁੱਟ ਉੱਚੀਆਂ ਉੱਠਣ ਦੀ ਸ਼ੰਕਾ ਹੈ। 7.4 ਦੀ ਸ਼ੁਰੂਆਤੀ ਤੀਬਰਤਾ ਵਾਲਾ ਇਹ ਭੂਚਾਲ ਉੱਤਰੀ ਜਾਪਾਨ ਦੇ ਸੈਨਰਿਕੂ ਦੇ ਤੱਟ ‘ਤੇ ਸਥਾਨਕ ਸਮੇਂ ਅਨੁਸਾਰ ਸ਼ਾਮ ਲਗਭਗ 4:53 ਵਜੇ ਆਇਆ। ਏਜੰਸੀ ਨੇ ਦੱਸਿਆ ਕਿ ਭੂਚਾਲ ਦਾ ਕੇਂਦਰ ਸਮੁੰਦਰ ਦੀ ਸਤ੍ਹਾ ਤੋਂ ਲਗਭਗ 10 ਕਿਲੋਮੀਟਰ (6 ਮੀਲ) ਦੀ ਡੂੰਘਾਈ ‘ਤੇ ਸੀ। ਰਿਪੋਰਟਾਂ ਅਨੁਸਾਰ ਭੂਚਾਲ ਦਾ ਝਟਕਾ ਇੰਨਾ ਤੇਜ਼ ਸੀ ਕਿ ਸੈਂਕੜੇ ਕਿਲੋਮੀਟਰ ਦੂਰ ਰਾਜਧਾਨੀ ਟੋਕੀਓ ਤੱਕ ਵੱਡੀਆਂ ਇਮਾਰਤਾਂ ਹਿੱਲ ਗਈਆਂ। ਮੌਸਮ ਏਜੰਸੀ ਨੇ ਕਿਹਾ ਕਿ ਸੁਨਾਮੀ ਦੀਆਂ ਲਹਿਰਾਂ ਜਲਦੀ ਤੋਂ ਜਲਦੀ ਉੱਤਰੀ ਤੱਟਵਰਤੀ ਇਲਾਕਿਆਂ ਤੱਕ ਪਹੁੰਚ ਸਕਦੀਆਂ ਹਨ। ਇਸ ਵਿੱਚ ਕਿਹਾ ਗਿਆ ਹੈ, “ਤੱਟਵਰਤੀ ਖੇਤਰਾਂ ਅਤੇ ਨਦੀ ਦੇ ਕਿਨਾਰੇ ਵਾਲੇ ਇਲਾਕਿਆਂ ਨੂੰ ਤੁਰੰਤ ਖਾਲੀ ਕਰਕੇ ਉੱਚੀ ਜ਼ਮੀਨ ਜਾਂ ਸੁਰੱਖਿਅਤ ਇਮਾਰਤਾਂ ਵਰਗੀਆਂ ਥਾਵਾਂ ‘ਤੇ ਚਲੇ ਜਾਓ।” ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਸੁਨਾਮੀ ਦੀਆਂ ਲਹਿਰਾਂ ਕਾਰਨ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਏਜੰਸੀ ਨੇ ਅੱਗੇ ਕਿਹਾ, “ਸੁਨਾਮੀ ਦੀਆਂ ਲਹਿਰਾਂ ਵਾਰ-ਵਾਰ ਆਉਣ ਦੀ ਸੰਭਾਵਨਾ ਹੈ। ਚੇਤਾਵਨੀ ਹਟਣ ਤੱਕ ਸੁਰੱਖਿਅਤ ਥਾਂ ਨਾ ਛੱਡੋ।” ਦੂਜੇ ਪਾਸੇ, ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਹੈ ਕਿ ਉਨ੍ਹਾਂ ਨੇ ਇੱਕ ਸੰਕਟ ਪ੍ਰਬੰਧਨ ਟੀਮ ਦਾ ਗਠਨ ਕੀਤਾ ਹੈ।



# RAKHI ISRANI
## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ। ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st
May
Sunday
Red Carpet
02:00 pm
Show Time
03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

# ਜਿਨ੍ਹਾਂ ਨੇ ਸਾਲਾਂ ਬੱਧੀ ਬੇਅਦਬੀ ਦਾ ਸਿਆਸੀ ਲਾਹਾ ਲਿਆ, ਕਾਨੂੰਨ ਲਾਗੂ ਹੋਣ ਤੋਂ ਬਾਅਦ ਹੁਣ ਉਨ੍ਹਾਂ ਕੋਲ ਕੋਈ ਸ਼ਬਦ ਨਹੀਂ ਬਚਿਆ: ਬਲਤੇਜ ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ 'ਜਗਤ ਜੋਤ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ, 2026' 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲਗਾਤਾਰ ਚੁੱਪ 'ਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਜਦੋਂ ਪੰਜਾਬ ਨੇ ਬੇਅਦਬੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਹੈ, ਅਕਾਲੀ ਦਲ ਵੱਲੋਂ ਕੋਈ ਪ੍ਰਤੀਕਿਰਿਆ ਨਾ ਆਉਣਾ ਕਈ ਗੰਭੀਰ ਸਿਆਸੀ ਸਵਾਲ ਖੜ੍ਹੇ ਕਰਦਾ ਹੈ। ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਜਿੱਥੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਿਆ ਕੇ ਆਪਣੀ ਵਚਨਬੱਧਤਾ ਪੂਰੀ ਕੀਤੀ ਹੈ, ਉੱਥੇ ਹੀ ਪਹਿਲਾਂ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਸਿਆਸਤ ਕਰਨ ਵਾਲੇ ਹੁਣ ਚੁੱਪ ਰਹਿਣ ਨੂੰ ਤਰਜੀਹ ਦੇ ਰਹੇ ਹਨ। ਇਹ ਚੁੱਪ ਸਿਆਸੀ ਤੌਰ 'ਤੇ ਬਹੁਤ ਕੁਝ ਬਿਆਨ ਕਰਦੀ ਹੈ।

'ਆਪ' ਪੰਜਾਬ ਦੇ ਜਨਰਲ ਸਕੱਤਰ ਨੇ ਅੱਗੇ ਕਿਹਾ ਕਿ ਜਦੋਂ ਭਗਵੰਤ ਮਾਨ ਸਰਕਾਰ ਨੇ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆਉਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ, ਤਾਂ ਵਿਰੋਧੀ ਪਾਰਟੀਆਂ ਨੇ ਇਸ ਨੂੰ ਸਿਆਸੀ ਬਿਆਨਬਾਜ਼ੀ ਕਹਿ ਕੇ ਖਾਰਜ ਕਰ ਦਿੱਤਾ ਸੀ। ਉਹ ਕਹਿੰਦੇ ਸਨ, 'ਕਾਨੂੰਨ ਲਿਆਓ, ਫਿਰ ਦੇਖਾਂਗੇ।' ਅੱਜ ਇਹ ਕਾਨੂੰਨ ਨਾ ਸਿਰਫ਼ ਪਾਸ ਹੋ ਗਿਆ ਹੈ ਬਲਕਿ ਪੂਰੀ ਤਰ੍ਹਾਂ ਲਾਗੂ ਵੀ ਹੋ ਚੁੱਕਾ ਹੈ, ਅਤੇ ਉਹੀ ਲੋਕ ਹੁਣ ਸ਼ਾਂਤ ਹੋ ਗਏ ਹਨ। ਬਲਤੇਜ ਪੰਨੂ ਨੇ ਦੱਸਿਆ ਕਿ ਇਹ ਬਿੱਲ 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਪੇਸ਼ ਕੀਤਾ ਗਿਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ 'ਤੇ ਪੂਰਾ ਦਿਨ ਚੱਲੀ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕੀਤਾ ਸੀ ਕਿ ਇਹ ਸੈਸ਼ਨ ਸਿਰਫ਼ ਇਸ ਸੰਵੇਦਨਸ਼ੀਲ ਮੁੱਦੇ ਦੇ ਹੱਲ ਲਈ ਬੁਲਾਇਆ ਗਿਆ ਸੀ, ਫਿਰ ਵੀ ਕੁਝ ਲੋਕਾਂ ਨੇ ਇਸ ਵਿਸ਼ੇਸ਼ ਇਜਲਾਸ ਨੂੰ ਬੁਲਾਉਣ ਦੇ ਇਰਾਦੇ 'ਤੇ ਵੀ ਸਵਾਲ ਚੁੱਕੇ ਸਨ। ਉਨ੍ਹਾਂ ਅੱਗੇ ਕਿਹਾ ਕਿ ਵਿਰੋਧੀ ਆਗੂਆਂ ਵੱਲੋਂ ਵਾਰ-ਵਾਰ ਇਹ ਸ਼ੰਕੇ ਪੈਦਾ ਕੀਤੇ ਜਾ ਰਹੇ ਸਨ ਕਿ ਰਾਜਪਾਲ ਬਿੱਲ ਨੂੰ ਮਨਜ਼ੂਰੀ ਨਹੀਂ ਦੇਣਗੇ ਜਾਂ ਇਸ ਨੂੰ ਰਾਸ਼ਟਰਪਤੀ ਦੀ ਸਹਿਮਤੀ ਲਈ ਰੋਕ ਦਿੱਤਾ ਜਾਵੇਗਾ। ਅਜਿਹੇ ਸਾਰੇ ਦਾਅਵਿਆਂ ਦੇ ਉਲਟ, ਰਾਜਪਾਲ ਨੇ ਬਿਨਾਂ ਦੇਰੀ ਬਿੱਲ 'ਤੇ ਦਸਤਖ਼ਤ ਕੀਤੇ ਹਨ ਅਤੇ ਇਹ ਹੁਣ ਅਧਿਕਾਰਤ ਤੌਰ



'ਤੇ ਕਾਨੂੰਨ ਬਣ ਗਿਆ ਹੈ। ਇਸ ਦਾ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਹੈ ਅਤੇ ਇਹ ਕਾਨੂੰਨ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਹੈ।

ਬਲਤੇਜ ਪੰਨੂ ਨੇ ਜ਼ੋਰ ਦੇ ਕੇ ਕਿਹਾ ਕਿ ਨਵਾਂ ਕਾਨੂੰਨ ਬੇਅਦਬੀ ਦੀਆਂ ਕਾਰਵਾਈਆਂ ਲਈ ਸਖ਼ਤ ਸਜ਼ਾਵਾਂ ਪ੍ਰਦਾਨ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਕਾਨੂੰਨ ਤਹਿਤ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਸਮੇਤ ਸਖ਼ਤ ਉਪਬੰਧ ਕੀਤੇ ਗਏ ਹਨ, ਜੋ ਸਜ਼ਾ ਅਤੇ ਡਰ ਦੋਵੇਂ ਯਕੀਨੀ ਬਣਾਉਂਦੇ ਹਨ।

ਪਿਛਲੀਆਂ ਸਰਕਾਰਾਂ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਬੇਅਦਬੀ 'ਤੇ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਵਿੱਚ ਅਸਫਲ ਰਹੀ, ਹਾਲਾਂਕਿ ਉਹ ਅਜਿਹੇ ਬਿੱਲ ਲਿਆਏ ਸਨ ਜੋ ਕਦੇ ਕਾਨੂੰਨ ਬਣਨ ਦੇ ਮਕਸਦ ਨਾਲ ਨਹੀਂ ਸਨ ਲਿਆਂਦੇ ਗਏ। ਉਨ੍ਹਾਂ ਨੇ ਯਕੀਨੀ ਬਣਾਇਆ ਕਿ ਸਿਆਸੀ ਲਾਹੇ ਲਈ ਇਹ ਮੁੱਦਾ ਜਿਉਂਦਾ ਰਹੇ। ਕੁਝ ਲੋਕਾਂ ਨੇ ਇਸ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ ਅਤੇ ਉਹ ਚਾਹੁੰਦੇ ਸਨ ਕਿ ਇਹ ਸਿਲਸਿਲਾ ਜਾਰੀ ਰਹੇ।

ਪੁਰਾਣੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਚਾਹੇ 2015 ਦੀਆਂ ਘਟਨਾਵਾਂ ਹੋਣ, 1986 ਵਿੱਚ ਨਕੋਦਰ ਦੀ ਘਟਨਾ ਹੋਵੇ ਜਾਂ 1978 ਦੀ, ਸਭ ਜਾਣਦੇ ਹਨ ਕਿ ਉਸ ਸਮੇਂ ਕੌਣ ਸੱਤਾ ਵਿੱਚ ਸੀ ਅਤੇ ਉਹ ਫੈਸਲਾਕੁੰਨ ਕਾਰਵਾਈ ਕਰਨ ਵਿੱਚ ਕਿਵੇਂ ਅਸਫਲ ਰਹੇ। 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਦੌਰਾਨ, ਵਾਰ-ਵਾਰ ਉਕਸਾਵੇ ਅਤੇ ਧਮਕੀਆਂ ਦੇ ਬਾਵਜੂਦ, ਤਤਕਾਲੀ ਸਰਕਾਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਿੱਚ ਅਸਫਲ ਰਹੀ। ਮਹੀਨਿਆਂ ਬੱਧੀ ਅਪਮਾਨਜਨਕ ਭਾਸ਼ਾ ਵਾਲੇ ਪੋਸਟਰ ਲੱਗੇ ਰਹੇ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਬਲਤੇਜ ਪੰਨੂ ਨੇ ਪਿਛਲੀਆਂ ਸਰਕਾਰਾਂ ਵੱਲੋਂ ਜਾਂਚ ਦੇ ਤਰੀਕਿਆਂ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਰਗੇ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਅਣਗੌਲਿਆ ਕੀਤਾ ਗਿਆ। ਗੰਭੀਰ ਨਤੀਜਿਆਂ ਨੂੰ ਮਾਮੂਲੀ ਬਣਾ ਦਿੱਤਾ ਗਿਆ ਅਤੇ ਰਿਪੋਰਟਾਂ ਦੀਆਂ ਕਾਪੀਆਂ ਜਨਤਕ ਤੌਰ 'ਤੇ ਕੌਡੀਆਂ ਦੇ ਭਾਅ ਵੰਡੀਆਂ ਗਈਆਂ। ਕਾਨੂੰਨ ਬਣਾਉਣ ਦੀ ਪ੍ਰਕਿਰਿਆ ਬਾਰੇ ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਬਿੱਲ ਦਾ ਖਰੜਾ ਤਿਆਰ ਕਰਨ ਤੋਂ ਪਹਿਲਾਂ ਕਾਨੂੰਨੀ ਮਾਹਿਰਾਂ ਅਤੇ ਧਾਰਮਿਕ ਆਗੂਆਂ ਨਾਲ ਵਿਆਪਕ ਸਲਾਹ-ਮਸ਼ਵਰਾ ਕੀਤਾ। ਇਹ ਕੋਈ ਜਲਦਬਾਜ਼ੀ ਵਿੱਚ ਲਿਆ ਗਿਆ ਫੈਸਲਾ ਨਹੀਂ ਸੀ, ਸਗੋਂ ਸਖ਼ਤ ਸਜ਼ਾ ਅਤੇ ਡਰ ਪੈਦਾ ਕਰਨ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਹੈ।

ਬਲਤੇਜ ਪੰਨੂ ਨੇ ਕਿਹਾ ਕਿ ਕਾਨੂੰਨ ਬਣਨ ਤੋਂ ਬਾਅਦ ਵੀ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਨਾ ਹੀ ਇਸ ਦੀ ਲੀਡਰਸ਼ਿਪ ਨੇ ਇਸ ਦੇ ਸਮਰਥਨ ਜਾਂ ਵਿਰੋਧ ਵਿੱਚ ਕੋਈ ਅਧਿਕਾਰਤ ਬਿਆਨ ਜਾਰੀ ਕੀਤਾ ਹੈ। ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਚੁੱਪ ਵੀ ਓਨੀ ਹੀ ਚਿੰਤਾਜਨਕ ਹੈ। ਐਸਜੀਪੀਸੀ ਦੀ ਮੀਟਿੰਗ ਤੋਂ ਬਾਅਦ ਪ੍ਰੈਸ ਨਾਲ ਗੱਲਬਾਤ ਨਾ ਕਰਨਾ ਸਿਆਸੀ ਦਬਾਅ ਅਤੇ ਸਪੱਸ਼ਟਤਾ ਦੀ ਘਾਟ ਨੂੰ ਦਰਸਾਉਂਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਦਲ ਦਾ ਇਕਲੌਤਾ ਵਿਧਾਇਕ ਵੀ ਵਿਧਾਨ ਸਭਾ ਦੇ ਉਸ ਵਿਸ਼ੇਸ਼ ਇਜਲਾਸ ਵਿੱਚ ਸ਼ਾਮਲ ਨਹੀਂ ਹੋਇਆ ਜਿੱਥੇ ਇਹ ਬਿੱਲ ਪਾਸ ਕੀਤਾ ਗਿਆ ਸੀ। ਇਹ ਇਤਿਹਾਸ ਵਿੱਚ ਦਰਜ ਹੋਵੇਗਾ ਕਿ ਕੌਣ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਦੀ ਰਾਖੀ ਲਈ ਖੜ੍ਹਾ ਸੀ ਅਤੇ ਕਿਸ ਨੇ ਗੈਰ-ਹਾਜ਼ਰ ਰਹਿਣਾ ਚੁਣਿਆ।

ਬਲਤੇਜ ਪੰਨੂ ਨੇ ਕਿਹਾ ਕਿ 13 ਅਪ੍ਰੈਲ ਨੂੰ ਬਿੱਲ ਪੇਸ਼ ਹੋਣ ਤੋਂ ਲੈ ਕੇ 17 ਅਪ੍ਰੈਲ ਨੂੰ ਰਾਜਪਾਲ ਦੀ ਸਹਿਮਤੀ ਅਤੇ 20 ਅਪ੍ਰੈਲ ਤੱਕ ਨੋਟੀਫਿਕੇਸ਼ਨ ਜਾਰੀ ਹੋਣਾ 'ਆਪ' ਸਰਕਾਰ ਦੀ ਮਜ਼ਬੂਤ ਸਿਆਸੀ ਇੱਛਾ ਸ਼ਕਤੀ ਨੂੰ ਦਰਸਾਉਂਦਾ ਹੈ। ਸਿਰਫ਼ ਕੁਝ ਹੀ ਦਿਨਾਂ ਵਿੱਚ ਇਸ ਕਾਨੂੰਨ ਨੇ ਪੂਰਾ ਰੂਪ ਲੈ ਲਿਆ ਅਤੇ ਲਾਗੂ ਹੋ ਗਿਆ, ਜੋ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਸੁਖਬੀਰ ਸਿੰਘ ਬਾਦਲ ਦੀ ਚੁੱਪ ਦੱਸਦੀ ਹੈ ਕਿ ਉਹ ਪੰਜਾਬ ਅਤੇ ਇਸ ਦੀਆਂ ਧਾਰਮਿਕ ਭਾਵਨਾਵਾਂ ਲਈ ਮਜ਼ਬੂਤੀ ਨਾਲ ਖੜ੍ਹੇ ਹੋਣ ਦੀ ਬਜਾਏ ਨਿੱਜੀ ਅਤੇ ਸਿਆਸੀ ਹਿੱਤਾਂ ਦੀ ਰਾਖੀ ਕਰਨ 'ਤੇ ਜ਼ਿਆਦਾ ਕੇਂਦਰਿਤ ਹਨ।

# ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ ਕਰਮਨ ਦੀ ਸੰਸਥਾ ਹਾਈ ਸਕੂਲ ਬੱਚਿਆਂ ਨੂੰ ਦੇਵੇਗੀ ਸਕਾਲਰਸ਼ਿਪ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ


ਪੰਜਾਬੀ ਭਾਈਚਾਰੇ ਵੱਲੋਂ ਵਿਦੇਸ਼ਾਂ ਵਿੱਚ ਰਹਿੰਦਿਆਂ ਜਿੱਥੇ ਆਪਣੇ ਸੱਭਿਆਚਾਰ ਨਾਲ ਬੱਚਿਆਂ ਨੂੰ ਜੋੜਨ ਲਈ ਥਾਂ-ਥਾਂ ਮੇਲੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਜਿਸ ਵਿੱਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਤੋਂ ਬਿਨ੍ਹਾਂ ਹੋਰ ਭਾਈਚਾਰਿਆਂ ਦੇ ਬੱਚੇ ਸ਼ਾਮਲ ਨਹੀਂ ਹੁੰਦੇ। ਜਿਸ ਵਿੱਚ ਸ਼ਾਮਲ ਹੋਏ ਪੰਜਾਬੀ ਬੱਚੇ ਜ਼ਰੂਰ ਆਪਣੇ ਮਾਪਿਆਂ ਦਾ ਮਾਣ ਵਧਾਉਂਦੇ ਹਨ। ਪਰ ਆਪਣੀ ਪੰਜਾਬੀਅਤ ਦੀ ਪਹਿਚਾਣ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਜੇ ਉਹ ਤੁਹਾਡੇ ਪ੍ਰੋਗਰਾਮਾਂ ਵਿੱਚ ਸ਼ਾਮਲ ਨਹੀਂ ਹੁੰਦੇ ਤਾਂ ਉਨ੍ਹਾਂ ਭਾਈਚਾਰਿਆਂ ਦੇ ਵਿੱਚ ਸ਼ਾਮਲ ਹੋ ਕੇ, ਉਨ੍ਹਾਂ ਨੂੰ ਆਪਣੀ ਪਹਿਚਾਣ ਦੱਸਣ ਦੇ ਨਾਲ-ਨਾਲ, ਆਪਣੇ ਨਾਲ ਵੀ ਜੋੜਿਆ ਜਾ ਸਕੇ। ਇਸੇ ਉਪਰਾਲੇ ਨੂੰ ਅੱਗੇ ਤੋਰਨ ਲਈ "ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ ਕਰਮਨ, ਕੈਲੇਫੋਰਨੀਆਂ" ਨਾਂ ਦੀ ਸੰਸਥਾ ਵੱਲੋਂ ਲੰਘੇ ਸਾਲ ਤੋਂ ਭਾਈਚਾਰੇ ਦੇ ਸਮੂੰਹ ਸਹਿਯੋਗੀਆਂ ਦੀ ਮਦਦ ਨਾਲ ਯਤਨ ਅਰੰਭੇ ਗਏ ਹਨ। ਇਸ ਸੰਸਥਾਂ ਨੂੰ ਰੋਟਰੀ ਕਲੱਬ (ਇੰਟਰਨੈਸ਼ਨਲ) ਦੇ ਮੈਂਬਰਾਂ ਵੱਲੋਂ ਵੀ ਸਹਿਯੋਗ ਪ੍ਰਾਪਤ ਹੈ। ਇਸੇ ਕਾਰਜ ਅਧੀਨ ਕਰਮਨ ਫਾਇਰ ਡਿਪਾਰਟਮੈਂਟ ਅਤੇ ਕਰਮਨ ਪੁਲਿਸ ਵਿਭਾਗ ਨੂੰ ਵੀ ਆਪਣੇ ਵੱਲੋਂ ਯੋਗ ਮਦਦ ਦਿੱਤੀ ਗਈ ਹੈ। ਬੀਤੇ ਦਿਨੀ "ਅਮੈਰੀਕਨ ਪੰਜਾਬੀ ਸਿੱਖ ਕਮਿਊਨਟੀ" ਦੇ ਸਥਾਨਿਕ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸਮਾਜਸੇਵੀ ਗੁਲਬਿੰਦਰ ਗੈਰੀ ਢੇਸੀ ਦੀ ਅਗਵਾਈ ਹੇਠ ਕਰਮਨ ਵਿਖੇ ਹੋਈ। ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਇਹ ਸੰਸਥਾ ਹੁਣ ਕਰਮਨ ਹਾਈ ਸਕੂਲ ਵਿੱਚ ਗਰੇਜੂਏਟ ਹੋਣ ਵਾਲੇ ਬੱਚਿਆਂ ਲਈ ਸਕਾਲਰਸ਼ਿਪ ਦੇਵੇਗੀ। ਜਿਸ ਵਿੱਚ ਬੱਚਿਆਂ ਦੀ ਚੋਣ ਉਨ੍ਹਾਂ ਦੀ ਪੜ੍ਹਾਈ ਅਤੇ ਸਮਾਜਿਕ ਸੇਵਾਵਾਂ ਦੇ ਅਧਾਰ 'ਤੇ ਕੀਤੀ ਜਾਵੇਗੀ। ਜਿਸ ਵਿੱਚ ਇਸ ਸਾਲ ਹਾਈ ਸਕੂਲ ਦੀ ਗ੍ਰੈਜੂਏਸ਼ਨ ਦੌਰਾਨ ਛੇ ਵਿਦਿਆਰਥੀਆਂ ਨੂੰ, ਪ੍ਰਤੀ ਵਿਦਿਆਰਥੀ ਪੰਜ ਸੌ ਡਾਲਰ (ਕੁੱਲ ਤਿੰਨ ਹਜ਼ਾਰ ਡਾਲਰ ਦੀ ਰਾਸ਼ੀ) ਸਕਾਲਰਸ਼ਿਪ ਵਿੱਚ ਦਿੱਤੀ ਜਾਵੇਗੀ। ਅਜਿਹਾ ਕਰਦੇ ਹੋਏ ਇਹ ਸੰਸਥਾਂ ਹੋਰ ਭਾਈਚਾਰਿਆਂ ਨਾਲ ਤਾਲਮੇਲ ਵਧਾਉਣ ਦੇ ਨਾਲ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਵਿੱਚ ਆਪਣੀ ਪਹਿਚਾਣ ਬਣਾਉਣ ਲਈ ਵੀ ਨਵੇਂ ਪ੍ਰੋਗਰਾਮ ਸ਼ੁਰੂ ਕਰੇਗੀ। ਇਸ ਵਿਸ਼ੇਸ਼ ਮੀਟਿੰਗ ਵਿੱਚ ਗੁਲਬਿੰਦਰ ਗੈਰੀ ਢੇਸੀ ਤੋਂ ਇਲਾਵਾ, ਮਾਰਕੋ ਏ. ਕੋਰਟਸ, ਅੰਤਰਰਾਸ਼ਟਰੀ ਖਿਡਾਰੀ ਗੁਰਬਖ਼ਸ਼



ਸਿੰਘ ਸਿੱਧੂ, ਰਣਮੇਘ ਸਿੰਘ ਢੇਸੀ, ਸਤਬੀਰ ਸਿੰਘ ਹੀਰ, ਹਰਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਗਰੇਵਾਲ, ਕੁਲਵੰਤ ਸਿੰਘ ਉੱਭੀ ਆਦਿ ਹਾਜ਼ਰ ਸਨ। ਜਦ ਕਿ ਬਹੁਤ ਸਾਰੇ ਮੈਂਬਰਾਂ ਨੇ ਵੀਡੀਓ ਕਾਲ ਰਾਹੀਂ ਸ਼ਾਮਲ ਹੋ ਆਪਣੇ ਵਿਚਾਰ ਵੀ ਸਾਂਝੇ ਕੀਤੇ। ਅੰਤ ਵਿੱਚ ਭਵਿੱਖ ਦੇ ਸਮਾਜਿਕ ਪ੍ਰੋਜੈਕਟਾਂ ਬਾਰੇ ਵੀ ਵਿਚਾਰਾਂ ਹੋਈਆਂ।

Space available for Ad
Contact # +1 (209) 303-1260
Contact # +91 81463-20009


SERVPRO.
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਪਿੰਡਾਂ ਵਿੱਚ ਸੜਕਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ

ਅੰਮ੍ਰਿਤਸਰ
ਧੈਰਿਆ ਮਹਿਰਾ

ਪਿਛਲੀ ਕਾਂਗਰਸ ਸਰਕਾਰ ਦੌਰਾਨ ਜੰਡਿਆਲਾ ਗੁਰੂ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਰਹੇ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਸੰਜੀਦਗੀ ਦਾ ਇਥੋਂ ਪਤਾ ਚਲਦਾ ਹੈ ਕਿ ਇਸਨੇ ਆਪਣੀ ਸਰਕਾਰ ਦੇ ਰਹਿੰਦਿਆਂ ਵਿਧਾਨ ਸਭਾ ਵਿੱਚ ਹਲਕੇ ਦਾ ਇੱਕ ਵੀ ਮੁੱਦਾ ਨਹੀਂ ਚੁੱਕਿਆ। ਪਿਛਲੀਆਂ ਸਰਕਾਰਾਂ ਦੌਰਾਨ ਹਲਕੇ ਨੂੰ ਸਹੀ ਨੁਮਾਇੰਦਗੀ ਨਾ ਮਿਲਣ ਕਰਕੇ ਜੰਡਿਆਲਾ ਹਲਕਾ ਵਿਕਾਸ ਪੱਖੋਂ ਪਿੱਛੇ ਰਹਿ ਗਿਆ ਸੀ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ. ਵਲੋਂ ਜੰਡਿਆਲਾ ਗੁਰੂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਸੜਕਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਜਿੱਥੇ ਸੂਬੇ ਭਰ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਉੱਥੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਲਈ ਵੀ ਵਿਸ਼ੇਸ਼ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਹਲਕੇ ਵਿੱਚ ਦਿਨ ਰਾਤ ਵਿਕਾਸ ਕਾਰਜ ਜਾਰੀ ਹਨ ਅਤੇ ਵਿਕਾਸ ਪੱਖੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਸੂਬੇ ਦਾ ਮੋਹਰੀ ਹਲਕਾ ਬਣੇਗਾ। ਉਨਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਮੁੱਖ ਉਦੇਸ਼ ਪਿੰਡਾਂ ਦੀ ਕਨੈਕਟਿਵਿਟੀ ਨੂੰ ਮਜ਼ਬੂਤ ਕਰਨਾ ਅਤੇ ਲੋਕਾਂ ਨੂੰ ਸੁਵਿਧਾਜਨਕ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਨਾ ਹੈ।

ਉਨਾਂ ਦੱਸਿਆ ਕਿ ਜੰਡਿਆਲਾ ਹਲਕੇ ਵਿੱਚ ਲਗਭਗ 1 ਕਰੋੜ 91 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਸੜਕਾਂ ਦੀ ਉਸਾਰੀ ਅਤੇ ਸਪੈਸ਼ਲ ਰਿਪੇਅਰ ਦੇ ਕੰਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡ ਟਾਂਗਰਾ ਵਿੱਚ 93 ਲੱਖ 85 ਹਜ਼ਾਰ ਰੁਪਏ ਦੀ ਲਾਗਤ ਨਾਲ 2.75 ਕਿਲੋਮੀਟਰ ਲੰਬੀਆਂ ਇੰਟਰਲਾਕਿੰਗ ਅਤੇ ਮਿਸਿੰਗ ਲਿੰਕ ਸੜਕਾਂ ਬਣਾਈਆਂ ਜਾਣਗੀਆਂ, ਜਿਨ੍ਹਾਂ ਦੀ ਚੌੜਾਈ 10 ਫੁੱਟ ਹੋਵੇਗੀ। ਇਸ ਤੋਂ ਇਲਾਵਾ ਪਿੰਡ ਅੱਡਾ ਟਾਂਗਰਾ ਵਿੱਚ 14 ਲੱਖ 63 ਹਜ਼ਾਰ ਰੁਪਏ ਨਾਲ 0.330 ਕਿਲੋਮੀਟਰ ਲੰਬੀਆਂ ਤੇ 10 ਫੁੱਟ ਚੌੜੀਆਂ ਇੰਟਰਲਾਕਿੰਗ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਪਿੰਡ ਜੰਡ ਤੋਂ ਮਲਕਪੁਰ ਤੱਕ 1.71 ਕਿਲੋਮੀਟਰ ਲੰਬੀ ਸੜਕ 54 ਲੱਖ 77 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ। ਇਸਦੇ ਨਾਲ ਹੀ ਪਿੰਡ ਠੱਠੀਆਂ ਤੋਂ ਸੁੱਖੇਵਾਲ ਤੱਕ 1.45 ਕਿਲੋਮੀਟਰ ਲੰਬੀ ਸੜਕ ਦੀ ਸਪੈਸ਼ਲ ਰਿਪੇਅਰ ਲਈ 27 ਲੱਖ 88 ਹਜ਼ਾਰ ਰੁਪਏ ਖਰਚ ਕੀਤੇ ਜਾਣਗੇ। ਦੋਹਾਂ ਸੜਕਾਂ ਦੀ ਚੌੜਾਈ 10 ਫੁੱਟ ਹੋਵੇਗੀ। ਈ.ਟੀ.ਓ. ਨੇ ਦੱਸਿਆ ਕਿ ਸਬੰਧਤ ਠੇਕੇਦਾਰਾਂ ਨੂੰ ਕੰਮ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਇਹਨਾਂ ਨੂੰ 6 ਮਹੀਨਿਆਂ ਦੇ ਅੰਦਰ ਮੁਕੰਮਲ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਉਨਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ



ਵਿੱਚ ਕਿਸੇ ਕਿਸਮ ਦੀ ਕੋਈ ਢਿਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਕਿਹਾ ਕਿ ਇਹ ਆਮ ਜਨਤਾ ਦਾ ਪੈਸਾ ਹੈ ਅਤੇ ਆਮ ਜਨਤਾ ਦੇ ਹਿੱਤਾਂ ਵਿੱਚ ਹੀ ਲਗਣਾ ਚਾਹੀਦਾ ਹੈ। ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਵਿਕਾਸ ਕਾਰਜਾਂ ਵਿੱਚ ਕੋਈ ਉਣਤਾਈ ਨਜ਼ਰ ਆਵੇ ਤਾਂ ਤੁਰੰਤ ਉਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਉਸੇ ਸਮੇਂ ਹੀ ਉਸ ਨੂੰ ਦੂਰ ਕੀਤਾ ਜਾ ਸਕੇ। ਉਨਾਂ ਕਿਹਾ ਕਿ ਵਿਕਾਸ ਕਾਰਜਾਂ ਨੂੰ ਮਿੱਥੇ ਸਮੇਂ ਅੰਦਰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਕੈਬਿਨੇਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਅਤੇ ਖੇਤਰ ਦੇ ਵਿਕਾਸ ਨੂੰ ਹੋਰ ਗਤੀ ਮਿਲੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਕੰਮ ਸਮੇਂ ਸਿਰ ਅਤੇ ਉੱਚ ਗੁਣਵੱਤਾ ਨਾਲ ਪੂਰੇ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਲਾਭ ਮਿਲ ਸਕੇ।

# ਪੰਜਾਬੀ ਸਕੂਲ ਕਰਾਊਨ ਪੁਆਇੰਟ ਦੇ ਬੱਚਿਆਂ ਨੇ ਮਨਾਇਆ ਵਿਸਾਖੀ ਦਾ ਦਿਹਾੜਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਕਰਾਊਨ ਪੁਆਇੰਟ ਇੰਡੀਆਨਾ ਵਿੱਚ ਐਤਵਾਰ ਗੁਰੂ ਘਰ ਕਰਾਊਨ ਪੁਆਇੰਟ ਵਿੱਚ ਵਿਸਾਖੀ ਬਹੁਤ ਹੀ ਚਾਵਾਂ, ਸ਼ਰਧਾ ਅਤੇ ਧੂਮਧਾਮ ਨਾਲ ਮਨਾਈ ਗਈ। ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਵਿੱਚ ਵਿਸਾਖੀ ਦਾ ਦਿਨ ਬਹੁਤ ਹੀ ਮਹੱਤਵਪੂਰਨ ਹੈ। ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਅਤੇ ਵੱਖ-ਵੱਖ ਜਾਤਾਂ ਦੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਜਿੱਥੇ ਸਿੱਖਾਂ ਨੂੰ ਵੱਖਰੀ ਪਛਾਣ ਦਿੱਤੀ, ਉੱਥੇ ਸਮਾਜ ਵਿੱਚੋਂ ਜਾਤ ਪਾਤ ਦੇ ਕੋਹੜ ਨੂੰ ਵੀ ਖਤਮ ਕੀਤਾ। ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਤਬੀਰ ਸਿੰਘ ਅਨੁਸਾਰ ਪਹਿਲੀ ਵਿਸਾਖੀ ਸੰਨ 1558 ਵਿੱਚ ਗੋਇੰਦਵਾਲ ਸਾਹਿਬ ਵਿਖੇ ਮਨਾਈ ਗਈ। ਜਦੋਂ ਭਾਈ ਪਾਰੋ ਜੀ ਨੇ ਗੁਰੂ ਅਮਰਦਾਸ ਜੀ ਅੱਗੇ ਬੇਨਤੀ ਕੀਤੀ ਕਿ ਗੁਰੂ ਜੀ ਸੰਗਤਾਂ ਦੂਰ-ਦੂਰ ਤੋਂ ਆਪ ਜੀ ਦੇ ਦਰਸ਼ਨ ਕਰਨ ਆਉਂਦੀਆਂ ਹਨ ਕਿਉਂ ਨਾ ਆਪਾਂ ਇੱਕ ਦਿਨ ਮਿਥ ਲਈਏ। ਜਦੋਂ ਸਾਰੀਆਂ ਸੰਗਤਾਂ ਇਕ ਦਿਨ ਆ ਕੇ ਇਕੱਠੀਆਂ ਦਰਸ਼ਨ ਕਰਨ। ਗੁਰੂ ਅਮਰਦਾਸ ਜੀ ਨੇ ਖੁਸ਼ ਹੋ ਕੇ ਭਾਈ ਪਾਰੋ ਨੂੰ ਪਰਮਹੰਸ ਦਾ ਖਿਤਾਬ ਬਖਸ਼ਿਆ। ਇਸੇ ਤਰ੍ਹਾਂ 13 ਅਪ੍ਰੈਲ 1919 ਨੂੰ ਅੰਗਰੇਜ਼ ਸਾਮਰਾਜ ਦੇ ਜਰਨੈਲ ਜਨਰਲ ਡਾਇਰ ਵੱਲੋਂ ਜਲਿਆਂ ਵਾਲੇ ਬਾਗ ਵਿੱਚ ਹਜ਼ਾਰਾਂ ਨਿਹੱਥੇ ਲੋਕਾਂ ਉਪਰ ਗੋਲੀਆਂ ਚਲਾ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਮੌਕੇ ਭਾਈ ਇੰਦਰਜੀਤ ਸਿੰਘ ਦੇ ਜਥੇ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ ਤੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਇੱਕ ਬੱਚੀ ਹਰਸਿਮਰ ਕੌਰ ਨੇ ਸ਼ਬਦ ਪੜਿਆ ਪੰਜਾਬੀ ਸਕੂਲ ਦੇ ਬੱਚਿਆਂ ਨੇ ਸਮੂਹਿਕ ਤੌਰ ਤੇ ਸ਼ਬਦ ਗਾਇਨ ਕੀਤਾ। ਗੁਰਟੇਕ ਸਿੰਘ, ਨਿਮਰਤ ਕੌਰ ਅਤੇ ਗੁਰਸਿਫਤ ਕੌਰ ਨੇ ਵਿਸਾਖੀ ਨਾਲ ਸੰਬੰਧਿਤ ਕਵਿਤਾਵਾਂ ਪੇਸ਼ ਕੀਤੀਆਂ ਜਿਸ ਨੂੰ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਸਲਾਹਿਆ ਗਿਆ।

ਪੰਜਾਬੀ ਸਕੂਲ ਦੇ ਇੰਚਾਰਜ ਰਵਿੰਦਰ ਸਿੰਘ ਸਹਿਰਾਅ ਨੇ ਬੱਚਿਆਂ ਦੀ ਕਾਰਗੁਜ਼ਾਰੀ ਦੀ ਸਿਫਤ ਕਰਦਿਆਂ ਉਹਨਾਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਉਹਨਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਵਿਸਾਖੀ ਦੀ ਵਧਾਈ ਦਿੱਤੀ।



# ਕੈਲੀਫੋਰਨੀਆ ਦੇ ਸ਼ਹਿਰ ਸੈਲਮਾ ਵਿਖੇ 32ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜ਼ਿਆ ਖਾਲਸਾਈ ਰੰਗ, "ਜੈਕਾਰਿਆਂ ਦੀ ਗੂੰਜ ਨਾਲ ਹੋਈ ਸ਼ੁਰੂਆਤ"


ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ" ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 32 ਵੇ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ। ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਨਗਰ ਕੀਰਤਨ ਨਾਲ ਬਹੁਤ ਸਾਰੇ ਫਲੋਟ ਸਿੱਖ ਇਤਿਹਾਸ ਨਾਲ ਸੰਬੰਧਿਤ ਤਸਵੀਰਾਂ ਅਤੇ ਚੜਦੀਕਲਾ ਦਾ ਸੁਨੇਹਾ ਦਿੰਦੇ ਹੋਏ ਚੱਲ ਰਹੇ ਸਨ। ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ।

ਨਗਰ ਕੀਰਤਨ ਦੌਰਾਨ ਮੌਸਮ ਬਹੁਤ ਵਧੀਆ ਰਿਹਾ। ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿੱਚ ਭਾਰੀ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਦੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਪੰਜਾਬੀ ਅਤੇ ਅਮੈਰੀਕਨ ਭਾਈਚਾਰੇ ਦੀਆਂ ਰਾਜਨੀਤਕ ਸਖਸੀਅਤਾਂ ਵੱਲੋਂ ਵੀ ਆਪਣੇ ਬੂਥ ਲਾਏ ਹੋਏ ਸਨ। ਗੁਰੂਘਰ ਦੇ ਅੰਦਰ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸੁਰੱਖਿਆ ਦੇ



ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਨਗਰ ਕੀਰਤਨ ਦੀ ਸਫਲਤਾ ਲਈ ਗੁਰੂਘਰ ਦੇ ਪ੍ਰਬੰਧਕ, ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

# HOMEOPATHIC NATURAL MEDICINES

## When Tired of All Treatments, For any Disease, at any Age Try Alternative Treatment

**Safe and Effective Medicines without any Side Effects**



GURDIP S SANDHU




Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899 (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 189**

ਗਉੜੀ ਮਹਲਾ ੫ ॥

ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥੧॥ ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥੧॥ ਰਹਾਉ ॥ ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ ਦ੍ਰਿਸਟਿ ਆਵੈ ਸਭੁ ਏਕੰਕਾਰੁ ॥੨॥ ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥ ਕਹੁ ਨਾਨਕ ਜਾ ਕਾ ਪੂਰਾ ਕਰਮ ॥ ਤਿਸੁ ਭੇਟੇ ਸਾਧੂ ਕੇ ਚਰਨ ॥੪॥੪੬॥੧੧੫॥ {ਪੰਨਾ189}

ਭਾਵ ਅਰਥ:-

ਹੇ ਭਾਈ ! ਸਾਧ ਸੰਗਤ ਦੇ ਚਰਨ ਕਮਲਾਂ ਦੀ ਧੂੜ ਮੱਥੇ ਤੇ ਲਾਉਣ ਨਾਲ ਕਰੋੜਾਂ ਪਾਪ ਧੁਲ ਜਾਂਦੇ ਹਨ, ਕਿਉਂਕਿ ਉਹਨਾਂ ਦੀ ਕਿਰਪਾ ਨਾਲ ਨਾਮ ਜਪਣ ਦੀ ਮਰਿਆਦਾ ਉਤਪੰਨ ਹੁੰਦੀ ਹੈ ਤੇ ਆਵਣ ਜਾਣਾ ਖਤਮ ਹੋ ਜਾਂਦਾ ਹੈ॥੧॥ ਸਾਧ ਸੰਗਤ ਦੀ ਕਿਰਪਾ ਨਾਲ ਹੀ ਅਸੀਂ ਨਾਮ ਜਪ ਸਕਦੇ ਹਾਂ ਜਿਸ ਦਾ ਮਤਲਬ ਹੈ ਕਿ ਉਸ ਅੰਤਰਯਾਮੀ ਦੇ ਪੂਰਨ ਤੌਰ ਤੇ ਦਰਸ਼ਨ ਦੀਦਾਰੇ ਅਤੇ ਇਸ਼ਨਾਨ, ਇਸੇ ਅਵਸਥਾ ਦਾ ਨਾਮ ਹੈ॥੧॥ ਰਹਾਉ॥

ਸਾਧ ਸੰਗਤ ਕਰਨ ਨਾਲ ਅਭਿਮਾਨ ਖਤਮ ਹੋ ਜਾਂਦਾ ਹੈ ਅਤੇ ਹਰ ਜੀਵ ਦੇ ਵਿੱਚ ਉਸ ਇੱਕ ਪਰਮਾਤਮਾ ਦੀ ਜੋਤ ਨਜ਼ਰ ਆਉਣ ਲੱਗ ਜਾਂਦੀ ਹੈ॥੨॥

ਇਸ ਪ੍ਰਵਿਰਤੀ ਕਾਰਨ ਸਾਧੂ ਜਨ(ਗੁਰੂ) ਤੁਹਾਡੇ ਤੇ ਖੁਸ਼ ਹੁੰਦੇ ਹਨ ਅਤੇ ਪੰਚ ਦੂਤ ਕਾਬੂ ਵਿੱਚ ਆ ਜਾਂਦੇ ਹਨ । ਇਹ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਅਸੀਂ ਉਸ ਉੱਤਮ ਪੁਰਖ, ਪ੍ਰਭੂ ਦਾ ਨਾਮ ਧੰਨ ਹਿਰਦੇ ਅੰਦਰ ਇਕੱਠਾ ਕਰਕੇ ਰੱਖ ਲੈਂਦੇ ਹਾਂ॥੩॥

ਦਾਸ ਨਾਨਕ! (ਨਾਨਕ ਦੀ ਪੰਜਵੀਂ ਜੋਤ, ਸ਼ਹਾਦਤ ਦੇ ਪੁੰਜ ਧਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ) ਫਰਮਾਉਂਦੇ ਹਨ! ਜਿਸ ਮਨੁੱਖ ਦੇ ਸੁਥਰੇ ਕਰਮ ਹੁੰਦੇ ਹਨ, ਉਸੇ ਦੇ ਭਾਗਾਂ ਵਿੱਚ ਸਾਧ ਸੰਗਤ ਤੇ ਉਹਨਾਂ ਦੇ ਚਰਨ ਪਰਸਨਾ ਲਿਖਿਆ ਹੁੰਦਾ ਹੈ॥੪॥

ਗਉੜੀ ਮਹਲਾ ੫ ॥

ਹਰਿ ਗੁਣ ਜਪਤ ਕਮਲੁ ਪਰਗਾਸੈ ॥ ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥ ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ ਰਹਾਉ ॥ ਸਾਧਸੰਗਿ ਪਾਈਐ ਨਿਧਿ ਨਾਮਾ ॥ ਸਾਧਸੰਗਿ ਪੂਰਨ ਸਭਿ ਕਾਮਾ ॥੨॥ ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ ॥੩॥ ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੪॥੪੭॥੧੧੬॥ {ਪੰਨਾ 189}

ਭਾਵ ਅਰਥ:-

ਹੇ ਭਾਈ! ਹਰਿ ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਹਰ ਤਰ੍ਹਾਂ ਦੇ ਦੁੱਖ ਦਲਿੱਦਰ ਤੇ ਡਰ ਭੈ ਖਤਮ ਹੋ ਜਾਂਦੇ ਹਨ ਤੇ ਬੰਦੇ ਨੂੰ ਉੱਤਮ ਪਦਵੀ ਮਿਲਦੀ ਹੈ (ਕਮਲ ਫੁੱਲ ਦੀ ਤਰ੍ਹਾਂ ਦੀ ਜਗ੍ਹਾ)॥੧॥

ਉਸ ਮਨੁੱਖ ਵੱਡੇ ਭਾਗ ਹਨ ਜਿਸ ਨੂੰ ਸਾਧ ਸੰਗਤ ਮਿਲਦੀ ਹੈ ਅਤੇ ਜਿਸ ਨਾਲ ਰਲਕੇ ਉਹ ਹਰਿ ਪ੍ਰਭੂ ਦੇ ਸ਼ਬਦਾਂ ਦਾ ਗੁਣਗਾਨ ਕਰਦਾ ਹੈ॥੧॥ ਰਹਾਉ॥

ਸਾਧੂ ਸੰਗਤ ਨਾਲ ਸਾਰੇ ਖਜ਼ਾਨੇ ਮਿਲਦੇ ਹਨ ਅਤੇ ਸਾਰੇ ਕਾਰਜ ਪੂਰੇ ਹੁੰਦੇ ਹਨ॥੨॥

ਗੁਰੂ ਦੇ ਮਾਰਗਦਰਸ਼ਨ ਨਾਲ ਮਨੁੱਖ ਹਰਿ ਪ੍ਰਭੂ ਦੇ ਨਾਮ ਨਾਲ ਜੁੜਦਾ ਹੈ ,ਤਾਂ ਹੀ ਉਸਦੀ ਭਗਤੀ, ਉਸ ਦਾਤੇ ਦੇ ਦਰ ਪ੍ਰਵਾਣ ਚੜ੍ਹਦੀ ਹੈ॥੩॥

ਪੰਜਵੇਂ ਨਾਨਕ ਫਰਮਾਉਂਦੇ ਹਨ! ਜਿਸ ਹਿਰਦੇ ਅੰਦਰ ਅਕਾਲ ਪੁਰਖ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਨਿਵਾਸ ਹੋ ਗਿਆ ਸਮਝੋ, ਉਹ ਪ੍ਰਾਣੀ ਉਸੇ ਪ੍ਰਭੂ ਦੇ ਦਰ ਤੇ ਆਦਰਿਆ ਗਿਆ ਸਨਮਾਨਿਆ ਗਿਆ ਮਨਜੂਰ ਹੋ ਗਿਆ, ਕਬੂਲ ਹੋ ਗਿਆ॥੪॥

ਗਉੜੀ ਮਹਲਾ ੫ ॥

ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥੧॥ ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥੧॥ ਰਹਾਉ ॥ ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥ ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥ ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥ {ਪੰਨਾ 189}

ਭਾਵ ਅਰਥ:-

ਜਿਸ ਮਨੁੱਖ ਦਾ ਮਨ ਉਸ ਪ੍ਰਭੂ ਪ੍ਰੀਤਮ ਪਿਆਰੇ ਦੇ ਰੰਗ ਵਿੱਚ ਰੰਗਿਆ ਗਿਆ, ਉਸ ਨੂੰ ਬਾਕੀ ਸਾਰੀਆਂ ਚੀਜ਼ਾਂ ਦਾ ਪਿਆਰ ਮੁਹੱਬਤ ਭੁੱਲ ਜਾਂਦਾ ਹੈ ਅਤੇ ਅਜਿਹੀਆਂ ਦੂਜੇ ਭਾਵ ਭਰਪੂਰ ਪਦਾਰਥਾਂ ਦਾ ਲਗਾਵ ਬੇਗਾਨਾ ਲੱਗਣ ਲੱਗ ਜਾਂਦਾ ਹੈ ॥੧॥

ਅੰਤਰਜਾਮੀ ਤੋਂ ਬਿਨਾਂ ਕੋਈ ਹੋਰ ਉਸਦੇ ਬਰਾਬਰ ਨਹੀਂ ਹੈ ਕਿਉਂਕਿ ਸਭ ਕਰਮਾਂ ਦਾ ਕਰਤਾ ਧਰਤਾ ਉਹ ਦਾਤਾ ਆਪ ਹੈ॥੧॥ ਰਹਾਉ॥

ਜਿਸ ਪ੍ਰਾਣੀ ਦੇ ਹਿਰਦੇ ਅੰਦਰ ਪ੍ਰਭੂ ਦਾ ਨਿਵਾਸ ਹੋ ਗਿਆ ਉਹ ਮੁੱਖ ਤੋਂ ਵੀ ਉਸ ਦਾ ਨਾਮ ਹੀ ਜਪਦਾ ਹੈ ਅਤੇ ਉਹ ਮਨ ਤੋਂ ਕਦੇ ਡੋਲਦਾ ਨਹੀਂ॥੨॥

ਉਹ ਨਿਰੰਕਾਰ ਆਕਾਰ, ਜਿਸ ਮਨੁੱਖ ਦੇ ਨਾਲ ਹੈ ਉਸ ਕੋਲ ਸਮਝ ਲਓ ਸ਼ਾਹੂਕਾਰ ਅਤੇ ਕੁੱਲ ਧਨ ਹਾਸਿਲ ਹੈ, ਇਸ ਅਵਸਥਾ ਤੱਕ ਉਸ ਪੂਰਨ ਗੁਰੂ ਨੇ ਵਿਸ਼ਵਾਸ ਦਵਾ ਕੇ ਬੰਦੇ ਨੂੰ ਲਿਆਂਦਾ॥੩॥

ਜਦੋਂ ਉਸ ਉੱਤਮ ਪੁਰਖ ਪ੍ਰਭੂ ਪਰਮਾਤਮਾ ਦੀ ਬੰਦਗੀ ਪ੍ਰਾਣੀ ਨੂੰ ਪ੍ਰਾਪਤ ਹੋ ਗਈ, ਸਾਥ ਮਿਲ ਗਿਆ ਤਾਂ ਨਾਨਕ ਫਰਮਾਉਂਦੇ ਹਨ ਉਸਨੇ ਉੱਚ ਪਦ ਹਾਸਲ ਕਰ ਲਿਆ॥੪॥

ਗਉੜੀ ਮਹਲਾ ੫ ॥

ਨਾਮੁ ਭਗਤ ਕੈ ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥੧॥ ਨਾਮ ਵਡਾਈ ਜਨੁ ਸੋਭਾ ਪਾਏ ॥ ਕਰਿ ਕਿਰਪਾ ਜਿਸੁ ਆਪਿ ਦਿਵਾਏ ॥੧॥ ਰਹਾਉ ॥ ਨਾਮੁ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ ਸੋ ਭਗਤੁ ਪਰਵਾਨੁ ॥੨॥ ਹਰਿ ਕਾ ਨਾਮੁ ਜਨ ਕਉ ਧਾਰੈ ॥ ਸਾਸਿ ਸਾਸਿ ਜਨੁ ਨਾਮੁ ਸਮਾਰੈ ॥੩॥ ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥ {ਪੰਨਾ 189}

ਭਾਵ ਅਰਥ:-

ਜਿਹੜਾ ਮਨੁੱਖ, ਪ੍ਰਭੂ ਪਰਮਾਤਮਾ ਦਾ ਸੱਚਾ ਭਗਤ ਹੈ, ਉਸ ਦਾ ਜੀਵਨ ਹੀ ਅਕਾਲ ਪੁਰਖ ਦੀ ਬਾਣੀ ਦਾ ਸਿਮਰਨ ਹੈ, ਧਨ ਹੈ ,ਤੇ ਹਰ ਤਰ੍ਹਾਂ ਦਾ ਵਿਹਾਰ ਹੈ॥੧॥

ਉਹ ਪਰਮ ਪਿਤਾ ਪਰਮੇਸ਼ਵਰ ਪ੍ਰਭੂ ਦੀ ਜਦੋਂ ਨਜ਼ਰ ਸਵੱਲੀ ਹੋ ਜਾਂਦੀ ਹੈ ਤਾਂ ਸਮਾਜ ਵਿੱਚ ਬੰਦੇ ਦੀ ਨਾਮ ਬਾਣੀ ਜਪਣ ਕਾਰਨ, ਸ਼ੋਭਾ ਬਣ ਜਾਂਦੀ ਹੈ॥੧॥ ਰਹਾਉ॥

ਜਿਹੜਾ ਪ੍ਰਾਣੀ ਉਸ ਦਾਤੇ ਦਾ ਸਦਾ ਸਿਮਰਨ ਕਰਦਾ ਹੈ, ਉਹਦੇ ਨਾਮ ਵਿੱਚ ਰੰਗਿਆ ਰਹਿੰਦਾ ਹੈ, ਉਸ ਵਾਸਤੇ ਇਹ ਭਗਤੀ ਇਹ ਬੰਦਨਾ ਸੁਖ ਦਾ ਸਥਾਨ ਬਣ ਜਾਂਦੀ ਹੈ ਅਤੇ ਪਰਮਾਤਮਾ ਕੋਲ ਉਹ ਪ੍ਰਵਾਨ ਹੋ ਜਾਂਦਾ ਹੈ॥੨॥

(ਕਿਇਸ ਦੇ ਨਾਲ ਇਹ ਵੀ ਸੱਚ ਹੈ) ,ਕੋਈ ਵਿਰਲਾ ਮਨੁੱਖ ਹੀ ਹਰੀ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ ਤੇ ਜਿਹੜਾ ਧਿਆਉਂਦਾ ਹੈ ਉਸ ਨੂੰ ਇਹੀ ਨਾਮ ਸਿਮਰਨ ਹਰ ਪਲ ਸਹਾਰਾ ਦਿੰਦਾ ਹੈ ਟੇਕ ਦਿੰਦਾ ਹੈ॥੩॥

ਹੇ ਨਾਨਕ ! ਜਿਸ ਦੀ ਕਿਸਮਤ ਵਿੱਚ ਉਸ ਅਕਾਲ ਪੁਰਖ ਦਾ ਨਾਮ ਬਾਣੀ ਜਪਣਾ, ਲਿਖਿਆ ਹੁੰਦਾ ਹੈ ਉਸ ਦਾ ਹੀ ਹਿਰਦਾ ਭਗਤੀ ਵਿੱਚ ਰਚਦਾ ਹੈ॥੪॥

ਗਉੜੀ ਮਹਲਾ ੫ ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥੧॥ ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥੧॥ ਰਹਾਉ ॥ ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥ ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥੩॥ ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥ {ਪੰਨਾ 189}

ਭਾਵ ਅਰਥ:-

ਸਾਧ ਸੰਗਤ ਕਰਨ ਨਾਲ, ਉਹਨਾਂ ਦੀ ਕਿਰਪਾ ਹੁੰਦੀ ਹੈ ਤਾਂ ਹੀ ਨਿਰੰਕਾਰ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ ਅਤੇ ਇਸ ਨਾਲ ਸੰਤੁਸ਼ਟੀ ਆਪਣੇ ਆਪ ਭੱਜ ਕੇ ਮਨ ਨੂੰ ਗਲੇ ਮਿਲਦੀ ਹੈ॥੧॥

ਇਸ ਤਰ੍ਹਾਂ ਭਜਨ ਕੀਰਤਨ ਤੇ ਪਰਮਾਤਮਾ ਦੀ ਸਿਫਤ ਸਲਾਹ ਨਾਲ ਮਨੁੱਖ ਨੂੰ ਸਾਰੇ ਸੁਖ ਹਾਸਲ ਹੁੰਦੇ ਹਨ ਅਤੇ ਜਿੰਦਗੀ ਦੀ ਹਰ ਤਰ੍ਹਾਂ ਦੀ ਥਕਾਵਟ ਦੂਰ ਹੋ ਜਾਂਦੀ ਹੈ॥੧॥ ਰਹਾਉ॥

ਹੇ ਭਾਈ! ਉਸ ਭਗਵਾਨ ਦੇ ਚਰਨ ਕਮਲਾਂ ਦੀ ਅਰਾਧਨਾ ਕਰਨਾ ਕਰ, ਜਿਸ ਨਾਲ ਤੇਰੀ ਹਰ ਤਰ੍ਹਾਂ ਦੀ ਚਿੰਤਾ ਦੂਰ ਹੋ ਜਾਏਗੀ॥੨॥

ਮੈਂ ਅਨਾਥ, ਜਿਹਦਾ ਕੋਈ ਸਹਾਰਾ ਨਹੀਂ, ਸਭ ਕੁਝ ਛੱਡ ਕੇ ,ਹੇ ਪ੍ਰਭੂ ਤੇਰੇ ਸ਼ਰਨ ਆਣ ਪਿਆ ਹਾਂ,( ਜਦੋਂ ਮਨੁੱਖ ਇਸ ਵਿਚਾਰਧਾਰਾ ਨੂੰ ਅਪਣਾ ਲੈਂਦਾ ਹੈ), ਤਾਂ ਉਸ ਨੂੰ ਆਪਣੇ ਆਪ ਉਸ ਊਚ ਅਪਰੰਮਪਾਰ ਗੋਵਿੰਦ ਦੁਆਰਾ ਉਤਮ ਪਦਵੀ ਬਖਸ਼ੀ ਜਾਂਦੀ ਹੈ॥੩॥

ਇਸ ਸਥਿਤੀ ਵਿੱਚ ਹਰ ਤਰਾਂ ਦੇ ਦੁੱਖ ਦਰਦ ਭਰਮ ਭੁਲੇਖੇ ਛੱਡ ਕੇ ਭੱਜ ਜਾਂਦੇ ਹਨ। ਦਾਸ ਨਾਨਕ ਫਰਮਾਂਦੇ ਹਨ! ਕਿ ਉਦੋਂ ਹੀ ਸੰਭਵ ਹੁੰਦਾ ਹੈ, ਜਿਸ ਵੇਲੇ ਉਹ ਉੱਤਮ ਪੁਰਖ ਪ੍ਰਭੂ ਹਿਰਦੇ ਅੰਦਰ ਵਸ ਜਾਂਦਾ ਹੈ॥੪॥

**ਅੰਗ 190**

ਗਉੜੀ ਮਹਲਾ ੫ ॥

ਕਰ ਕਰਿ ਟਹਲ ਰਸਨਾ ਗੁਣ ਗਾਵਉ ॥ ਚਰਨ ਠਾਕੁਰ ਕੈ ਮਾਰਗਿ ਧਾਵਉ ॥੧॥ ਭਲੋ ਸਮੋ ਸਿਮਰਨ ਕੀ ਬਰੀਆ ॥ ਸਿਮਰਤ ਨਾਮੁ ਭੈ ਪਾਰਿ ਉਤਰੀਆ ॥੧॥ ਰਹਾਉ ॥ ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥੨॥ ਸੁਣਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ ਮਿਟਾਇ ॥੩॥ ਚਰਣ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥ {ਪੰਨਾ 190}

ਭਾਵ ਅਰਥ:-

ਹੇ ਭਾਈ! ਇਹ ਮਨੁਖਾ ਜੀਵਨ ਤੈਨੂੰ ਬੜੀ ਮੁਸ਼ਕਿਲ ਨਾਲ ਮਿਲਿਆ ਹੈ,ਇਸ ਲਈ ਉਸ ਪ੍ਰਭੂ ਪਰਮਾਤਮਾ ਦਾ ਸ਼ੁਕਰਾਨਾ ਕਰਨ ਵਾਸਤੇ ਉਸ ਦਾ ਨਾਮ ਸਿਮਰਨ ਕਰ, ਉਸਦੇ ਚਰਨ ਕਮਲਾਂ ਵਿੱਚ ਭੱਜ ਕੇ ਬਹਿ ਜਾ॥੧॥

ਇਹੋ ਹੀ ਇੱਕ ਉਸ ਦੀ ਸਿਮਰਨੀ ਦਾ ਵਧੀਆ ਸਮਾਂ ਹੈ ਤੇ ਇਸੇ ਨਾਲ ਹੀ ਤੂੰ ਪਾਰ ਉਤਰੇਂਗਾ, ਭਾਵ ਤੈਨੂੰ ਮੁਕਤੀ ਮਿਲੇਗੀ॥੧॥ ਰਹਾਉ॥

ਹੇ ਭਾਈ! ਤੇਰੀਆਂ ਅੱਖਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ ਪ੍ਰਭੂ ਦੇ ਦਰਸ਼ਨ ਕਰਨ ਤੇ ਮਨ ਹਮੇਸ਼ਾਂ ਉਸ ਦੇ ਨਾਮ ਨੂੰ ਆਪਣੇ ਅੰਦਰ ਸਮੋ ਕੇ ਰੱਖੇ॥੨॥

ਭਜਨ ਕੀਰਤਨ ਸੁਣਨ ਵਾਸਤੇ ਸਾਧ ਸੰਗਤ ਕਰ ਜਿਸ ਨਾਲ ਤੇਰੀ ਜਨਮ ਜਨਮ ਦੀ ਤ੍ਰਿਸ਼ਨਾ ਖਤਮ ਹੋ ਜਾਏਗੀ॥੩॥

ਪੰਜਵੇਂ ਨਾਨਕ ਫਰਮਾਉਂਦੇ ਹਨ ! ਹੇ ਭਾਈ! ਉਸ ਅਗਮ ਅਗੋਚਰ ਪਾਰਬ੍ਰਹਮ ਪ੍ਰਭੂ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਅੰਦਰ ਉਜਾਗਰ ਕਰ ਤਾਂ ਕਿ ਇਸ ਦੁਰਲਭ ਦੇਹ ਦਾ ਪਾਰ ਉਤਾਰਾ ਹੋ ਸਕੇ॥੪॥

ਗਉੜੀ ਮਹਲਾ ੫ ॥

ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥੧॥ ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥ ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥ ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥੩॥ ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ ਨਾਨਕ ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥ {ਪੰਨਾ 190}

ਭਾਵ ਅਰਥ:-

ਉਹ ਸੱਚਾ ਪਾਤਸ਼ਾਹ, ਜਿਸ ਜੀਵ ਦੇ ਉੱਪਰ ਆਪਣੀ ਨਦਰ ਏ ਇਨਾਇਤ ਕਰ ਦਿੰਦਾ ਹੈ, ਉਹੀ ਉਸ ਦਾ ਨਾਮ ਸਿਮਰਨ ਕਰ ਸਕਦਾ ਹੈ॥੧॥

ਨਾਮ ਸਿਮਰਨ ਦੀ ਮਹਿਮਾ ਹੈ ਕਿ ਇਸ ਨਾਲ ਹਰ ਤਰ੍ਹਾਂ ਦੇ ਸੰਸੇ ਸ਼ੱਕ ਸੁਬੇ ਅਵਿਸ਼ਵਾਸੀ ਦੂਰ ਭੱਜ ਜਾਂਦੇ ਹਨ ਅਤੇ ਨਾਮ ਤੋਂ ਬਿਨਾਂ ਹਰ ਤਰਾਂ ਦੇ ਦੁੱਖਾਂ ਨੂੰ ਬੰਦਾ ਝੱਲਦਾ ਹੈ॥੧॥ ਰਹਾਉ॥

ਹਰੀ ਪ੍ਰਭੂ ਦਾ ਨਾਮ, ਸੇਵਾ ਕਰਦਿਆਂ ਸਿਮਰਨ ਕਰਦਿਆਂ ,ਜਾਪ ਕਰਦਿਆਂ ਬੰਦੇ ਨੂੰ ਸ਼ੋਭਾ ਮਿਲਦੀ ਹੈ। ਉਹ ਪ੍ਰਭੂ ਨੂੰ ਤੇ ਜਗਤ ਨੂੰ ਸੋਹਣਾ ਲੱਗਦਾ ਹੈ ਅਤੇ ਇਸ ਤਰਾਂ ਉਸ ਨੂੰ ਮਾਇਆ ਦਾ ਮੋਹ ਵੀ ਨਹੀਂ ਵਿਆਪਦਾ॥੩॥

ਹੇ ਨਾਨਕ! ਹੋਰ ਸਾਰੇ ਜੰਜਾਲ ਤਿਆਗ ਕੇ ਉਸ ਏਕੰਕਾਰ ਦਾ ਨਾਮ ਜਪਣਾ ਕਰ, ਉਹ ਆਪਣੇ ਆਪ ਤੇਰੇ ਉੱਤੇ ਕਿਰਪਾ ਕਰੇਗਾ॥੪॥

ਗਉੜੀ ਮਹਲਾ ੫ ॥

ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥੧॥ ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥ ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥ ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥ ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥ {ਪੰਨਾ 190}

ਭਾਵ ਅਰਥ:-

ਹੇ ਭਾਈ !ਸਾਰੀਆਂ ਚੁਸਤੀਆਂ ਚਲਾਕੀਆਂ ਛੱਡ ਕੇ ਉਸ ਪੂਰੇ ਗੁਰੂ ਦੇ ਚਰਨੀਂ ਲੱਗ ਤੇ ਉਸਦਾ ਸਹਾਰਾ ਲੈ॥੧॥

ਉਸੇ ਪ੍ਰਭੂ ਦੇ ਗੁਣ ਗਾਉਣ ਨਾਲ ਤੇ ਉਹਦੇ ਨਾਮ ਸਿਮਰਨ ਦੇ ਲਿਵ ਲਾਉਣ ਨਾਲ ਸਾਰੇ ਸੁੱਖਾਂ ਦਾ ਗਾਮੀ ਹੋਏਂਗਾ ਅਤੇ ਸਾਰੀ ਤਰ੍ਹਾਂ ਦੇ ਦੁੱਖ ਮਿਟ ਜਾਣਗੇ॥੧॥ ਰਹਾਉ॥

ਹਰਿ ਪ੍ਰਭੂ ਦਾ ਨਾਮ ਜਦੋਂ ਗੁਰੂ ਦੇ ਰਾਹੀਂ ਤੈਨੂੰ ਮਿਲ ਜਾਏਗਾ ਤਾਂ ਹਰ ਤਰ੍ਹਾਂ ਦੇ ਦੋਖ, ਰੋਗ ਉੱਤਰ ਜਾਣਗੇ ਨਾਲ ਹੀ ਤੇਰੀਆਂ ਸਾਰੀਆਂ ਫਿਕਰ ਤੇ ਚਿੰਤਾਵਾਂ ਵੀ ਮਿਟ ਜਾਣਗੀਆਂ॥੨॥

ਜਦੋਂ ਬਾਣੀ ਰਾਹੀਂ ਤੂੰ ਉਸ ਪ੍ਰਭੂ ਪਰਮਾਤਮਾ ਦੇ ਦਰ ਤੇ ਪਰਵਾਨਿਆ ਜਾਏਂਗਾ ਤਾਂ ਹਰ ਤਰ੍ਹਾਂ ਦੀਆਂ ਖੁਸ਼ੀਆਂ ਤੇ ਖੇੜੇ ਤੈਨੂੰ ਮਿਲ ਜਾਣਗੇ ਨਾਲ ਹੀ ਜਮਾਂ ਦੇ ਹੱਥੋਂ ਆਤਮਿਕ ਮੌਤੇ ਮਰਨ ਦਾ ਡਰ ਵੀ ਤੈਨੂੰ ਤਕਲੀਫ ਨਹੀਂ ਦੇਣਗੇ॥੩॥

ਹੇ ਨਾਨਕ! ਜਿਸ ਨੇ ਸੱਚੇ ਗੁਰੂ ਦੀ ਪ੍ਰਾਪਤੀ ਕਰ ਲਈ ਉਸ ਨੂੰ ਦੂਜੇ ਭਾਵਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ (ਬੰਦਾ ਵਿਕਾਰ ਦਵੇਸ਼ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਰਗੇ ਵਿਕਾਰਾਂ ਤੋਂ ਛੁੱਟ ਜਾਂਦਾ ਹੈ)॥੪॥

ਗਉੜੀ ਮਹਲਾ ੫ ॥

ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗੋ ਸੰਤਾਪੁ ॥੧॥ ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ ॥ ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥ ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥੩॥ ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥ {ਪੰਨਾ 190}

ਭਾਵ ਅਰਥ:-

ਹੇ ਭਾਈ ! ਗੁਰੂ ਦੇ ਲੜ ਲੱਗਣ ਵਾਲਾ ,ਬੁਰੇ ਕੰਮਾਂ ਤੋਂ ਬਚ ਜਾਂਦਾ ਹੈ ਤੇ ਨਾਲ ਹੀ ਨਾਮ ਸਿਮਰਨ ਨਾਲ ਜੁੜ ਜਾਂਦਾ ਹੈ ,ਪਰ ਮਨ ਦੇ ਮਗਰ ਲੱਗਣ ਵਾਲੇ ਮਨੁੱਖ ਪਾਪ ਸੰਤਾਪ ਆਦਿ ਹੀ ਹੰਡਾਉਂਦੇ ਹਨ॥੧॥

ਹੇ ਮੇਰੇ ਸੱਜਣੋ !ਆਪਣੇ ਮੁੱਖ ਤੋਂ ਸਦਾ ਹੀ ਗੁਰੂ ਦਾ ਨਾਮ ਜਪਣਾ ਕਰੋ ਤਾਂ ਕਿ ਅਕਾਲ ਪੁਰਖ ਦੇ ਦਰਬਾਰ ਵਿੱਚ ਤੁਹਾਡਾ ਮੁੱਖ ਸੁੰਦਰ ਚਮਕੇ॥੧॥ ਰਹਾਉ॥

ਜਦੋਂ ਤੂੰ ਗੁਰੂ ਦੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਤਾਂ ਤੇਰੇ ਸਾਰੇ ਦੁੱਖ ਦਲਿੱਦਰ ਦੁਸ਼ਮਣ ਤੇ ਹਰ ਤਰ੍ਹਾਂ ਦੀਆਂ ਬੁਲਾਵਾਂ ਤੇਰੇ ਤੋਂ ਆਪਣੇ ਆਪ ਦੂਰ ਹਟ ਜਾਣਗੀਆਂ॥੨॥

ਹੇ ਭਾਈ !ਜਦੋਂ ਸਮਸਤ ਪ੍ਰਾਣੀਆਂ ਉੱਪਰ ਗੁਰੂ ਦੇ ਸ਼ਬਦਾਂ (ਪਰਮਾਤਮਾ ਦੇ ਨਾਮ ਬੰਦਗੀ ਦੀ)ਦੀ ਕਿਰਪਾ ਹੋ ਜਾਏਗੀ ਤਾਂ ਉਹ ਆਪਣੇ ਆਪ ਤੇਰਾ ਸਹਾਰਾ ਬਣ ਜਾਏਗਾ॥੩॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫਰਮਾਉਂਦੇ ਹਨ! ਹੇ ਦਾਤਾ ਮੈਂ ਤੇਰੇ ਚਰਨੀ ਪਿਆ ਹਾਂ। ਜਿਸ ਨਾਲ ਮੇਰੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਗਈਆਂ ਹਨ॥੪॥

ਗਉੜੀ ਮਹਲਾ ੫ ॥

ਅਨਿਕ ਰਸਾ ਖਾਏ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥੧॥ ਮਿਰਤਕ ਦੇਹ ਸਾਧਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥੧॥ ਰਹਾਉ ॥ ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥ ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥ ਕਹੁ ਨਾਨਕ ਜਾ ਕਉ ਭਏ ਦਇਆਲਾ ॥ ਸਾਧਸੰਗਿ ਮਿਲਿ ਭਜਹਿ ਗੋੁਪਾਲਾ ॥੪॥੫੫॥੧੨੪॥ {ਪੰਨਾ 190}

ਭਾਵ ਅਰਥ:-

ਹੇ ਭਾਈ !ਇਹ ਮਨੁੱਖ ਅੱਜ ਕੱਲ ਇੱਦਾਂ ਵਿਚਰ ਰਿਹਾ ਹੈ ਜਿਵੇਂ ਡੰਗਰ ਚਾਰਾ ਚੱਬੀ ਜਾਂਦੇ ਹਨ ਅਤੇ ਮੋਹ ਮਾਇਆ ਦੀ ਡੋਰ ਨਾਲ ਇਸ ਤਰਾਂ ਲੱਗ ਰਹੇ ਹਨ ਜਿਵੇਂ ਕੋਈ ਚੋਰ ਸੰਨ ਲਾਉਂਦਾ ਫੜਿਆ ਗਿਆ ਹੋਵੇ॥੧॥

ਸਾਧ ਸੰਗਤ ਤੋਂ ਬਿਨਾਂ ਮਨੁੱਖੀ ਤਨ ਇੱਕ ਜੀਵਨ ਰਹਿਤ ਲਗਦਾ ਹੈ ਤੇ ਸਿਰਫ ਜੀਵਨ ਦੇ ਚੱਕਰ ਪੂਰੇ ਕਰਦਾ ਦਿਖਦਾ ਹੈ॥੧॥ ਰਹਾਉ॥

ਭਾਵੇਂ ਤਰ੍ਹਾਂ ਤਰ੍ਹਾਂ ਦੇ ਸੁੰਦਰ ਪਹਿਰਾਵੇ ਪਹਿਨਦਾ ਹੈ,ਪਰ ਇਹ ਸਭ ਕੁਝ ਖੇਤ ਵਿੱਚ ਲੱਗੇ ਡਰਨੇ ਤੋਂ ਜਿਆਦਾ ਨਹੀਂ ਹੈ॥੨॥

ਬਾਕੀ ਸਾਰੇ ਜੀਵਾਂ ਦੇ ਤਨ ਮਰਨ ਤੋਂ ਬਾਅਦ ਕੰਮ ਆ ਜਾਂਦੇ ਹਨ ਪਰ ਮਨੁੱਖ ਦਾ ਸਰੀਰ ਬੇਕਾਰ ਹੈ ਜਿਸਨੇ ਆਪਣੇ ਜੀਵਨ ਕਾਲ ਵਿੱਚ ਉਸ ਪਾਰਬ੍ਰਹਮ ਪਰਮੇਸ਼ਰ ਦਾ ਨਾਮ ਨਹੀਂ ਜਪਿਆ॥੩॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨਾਨਕ ਦੀ ਪੰਜਵੀਂ ਜੋਤ ਫਰਮਾਉਂਦੇ ਹਨ! ਜਿਸ ਉੱਪਰ ਹਰੀ ਪ੍ਰਭੂ ਦਿਆਲ ਹੋ ਗਿਆ ਉਸ ਨੂੰ ਗੁਰੂ ਦਾ ਸਾਥ ਮਿਲ ਗਿਆ ਅਤੇ ਨਾਮ ਦੀ ਲੜੀ ਨਾਲ ਉਹ ਜੁੜ ਗਿਆ॥੪॥ (ਇਸ ਤਰਾਂ ਉਹ ਮਨੁੱਖ ਪ੍ਰਭੂ ਪਰਮਾਤਮਾ ਦੀ ਕਚਹਿਰੀ ਤੱਕ ਪਹੁੰਚਣ ਲਈ ਕਾਮਯਾਬ ਹੋ ਜਾਂਦਾ ਹੈ)।



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



## Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

---

# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




## e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**



# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਬਰਜਿੰਦਰ ਕੌਰ ਬਿਸਰਾਓ
99889-01324

# ਹੌ.ਲੀ ਹੌ.ਲੀ ਅਲੋਪ ਹੋ ਰਹੇ ਪਿੰਡ ਅਤੇ ਪੇਂਡੂ ਭਾਈਚਾਰਾ

ਪੰਜਾਬ ਦੇ "ਪਿੰਡ" ਅਤੇ 'ਪੇਂਡੂ ਭਾਈਚਾਰਾ' ਪੰਜਾਬੀਆਂ ਦੀ ਸ਼ਾਨ ਵਿੱਚ ਵਾਧਾ ਕਰਦਾ ਹੈ। ਪੰਜਾਬ ਦੇ ਪਿੰਡਾਂ ਦੇ ਲਹਿਲਹਾਉਂਦੇ ਹਰੇ ਹਰੇ ਖੇਤ ਅਤੇ ਇੱਥੋਂ ਦੇ ਛੈਲ ਛਬੀਲੇ ਗੱਭਰੂ, ਬਾਂਕੀਆਂ ਨਾਰਾਂ, ਮਿਹਨਤੀ ਕਿਸਾਨ, ਭੋ.ਲੇ ਭਾ.ਲੇ ਲੋਕ ਤੇ ਉਨ੍ਹਾਂ ਦਾ ਆਪਸੀ ਮਿਲਵਰਤਣ, ਸਾਦੀ ਜੀਵਨ ਸ਼ੈਲੀ ਅਤੇ ਰਹਿਣ ਸਹਿਣ ਹਰ ਕਿਸੇ ਪ੍ਰਦੇਸੀ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਸਨ। ਸਮੇਂ ਦੇ ਨਾਲ ਹੀ ਇਹਨਾਂ ਸਭਨਾਂ ਗੱਲਾਂ ਵਿੱਚ ਐਨਾ ਬਦਲਾਅ ਆ ਗਿਆ ਹੈ ਕਿ ਜੇ ਕਿਤੇ ਸਾਡੇ ਵਡੇਰੇ ਧਰਤੀ ਤੇ ਆ ਕੇ ਵੇਖਣ ਤਾਂ ਉਹਨਾਂ ਨੂੰ ਆਪਣੇ ਹੀ ਪਿੰਡ ਦੀ ਪਛਾਣ ਕਰਨੀ ਔਖੀ ਹੋ ਜਾਵੇਗੀ,ਨਾ ਉਹਨਾਂ ਨੂੰ ਪਹਿਲਾਂ ਵਰਗੀ ਖ਼ੁਰਾਕ ਲੱਭੇਗੀ ਤੇ ਨਾਂ ਹੀ ਪਹਿਲਾਂ ਵਰਗੇ ਲੋਕ ਤੇ ਨਾ ਮਿਲਵਰਤਨ ਤੇ ਨਾ ਭਾਈਚਾਰਕ ਸਾਂਝ।

ਇਸ ਸਭ ਦਾ ਅਸਲ ਕਾਰਨ ਪਿੰਡਾਂ ਦਾ ਵਿਕਾਸ ਦੇ ਨਾਂਅ ਤੇ ਤੇਜ਼ੀ ਨਾ.ਲ ਸ਼ਹਿਰੀਕਰਨ ਹੋਣਾ ਹੈ। ਸਰਕਾਰਾਂ ਵੱਲੋਂ ਬਹੁਤ ਤੇਜ਼ੀ ਨਾ.ਲ ਪਿੰਡਾਂ ਨੂੰ ਸ਼ਹਿਰਾਂ ਵਿੱਚ ਮਿ.ਲਾ ਕੇ ਬਹੁਤ ਸਾਰੇ ਪਿੰਡਾਂ ਦੀ ਇਕੱਠਿਆਂ ਹੀ ਹੋਂਦ ਖ਼ਤਮ ਕਰ ਦਿੱਤੀ ਜਾਂਦੀ ਹੈ। ਵਾਹੀਯੋਗ ਜ਼ਮੀਨਾਂ ਘਟਣ ਰਹੀਆਂ ਹਨ। ਪੇਂਡੂ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਪਿੰਡਾਂ ਦੇ ਲੋਕਾਂ ਦਾ ਸ਼ਹਿਰਾਂ ਵੱਲ ਨੂੰ ਵਧਦਾ ਹੋਇਆ ਪਰਵਾਸ, ਪਿੰਡਾਂ ਵਿੱਚੋਂ ਜਿਵੇਂ ਰੂਹ ਕੱਢ ਕੇ ਲਿਜਾ ਰਿਹਾ ਹੋਵੇ ਅਤੇ ਸ਼ਹਿਰਾਂ ਦਾ ਫੈਲਾਅ ਆਪਣੇ ਆਪ ਹੀ ਪਿੰਡਾਂ ਨੂੰ ਨਿਗਲੀ ਜਾ ਰਿਹਾ ਹੈ। ਸਾਰੇ ਸ਼ਹਿਰਾਂ ਦੇ ਪਸਾਰ ਵਿੱਚ ਵਾਧਾ ਹੋਣ ਕਰਕੇ ਤੇਜ਼ੀ ਨਾਲ ਪਿੰਡਾਂ ਦਾ ਘਟਣਾ ਜਿੱਥੇ ਆਪਣੇ ਆਪ ਵਿੱਚ ਇੱਕ ਚਿੰਤਾ ਦਾ ਵਿਸ਼ਾ ਹੈ ਉੱਥੇ ਦੂਜੇ ਪਾਸੇ ਨਵੀਨੀਕਰਨ ਹੋਣ ਨਾਲ ਪਿੰਡਾਂ ਦੀ ਰੂਪਰੇਖਾ ਵੀ ਤੇਜ਼ੀ ਨਾਲ ਬਦਲ ਰਹੀ ਹੈ।

ਇਹ ਕਹਾਵਤ ਆਮ ਹੀ ਵਰਤੀ ਜਾਂਦੀ ਹੈ ਕਿ ਪਿੰਡ ਤਾਂ ਗੁਹਾਰਿਆਂ ਤੋਂ ਪਛਾਣੇ ਜਾਂਦੇ ਹਨ। ਪਰ ਅੱਜ ਕੱਲ੍ਹ ਪੰਜਾਬ ਦੇ ਪਿੰਡਾਂ ਦੀ ਪਛਾਣ ਗੁਹਾਰਿਆਂ ਤੋਂ ਨਹੀਂ ਸਗੋਂ ਉਸ ਦੇ ਬਾਹਰਵਾਰ ਬਣੀਆਂ ਵੱਡੀਆਂ ਵੱਡੀਆਂ ਮਹਿੰਗੀਆਂ ਕੋਠੀਆਂ ਜਾਂ ਕਲੋਨੀਆਂ ਜਾਂ ਪਿੰਡਾਂ ਦੀਆਂ ਖੇਤੀਬਾੜੀ ਯੋਗ ਜ਼ਮੀਨਾਂ ਵਿੱਚੋਂ ਭੱਠਿਆਂ ਲਈ ਪਟਾਈ ਜਾਣ ਵਾ.ਲੀ ਮਿੱਟੀ ਵਾ.ਲੀਆਂ ਜ਼ਮੀਨਾਂ ਵੱਧ ਨਜ਼ਰ ਆਉਂਦੀਆਂ ਹਨ।

ਤੇਜ਼ੀ ਨਾਲ ਤਰੱਕੀ ਹੋਣ ਕਰਕੇ ਪਿਛਲੇ ਇੱਕ ਦਹਾਕੇ ਤੋਂ ਪੜ੍ਹਾਈ ਜਾਂ ਰੋਜ਼ਗਾਰ ਦੀ ਭਾ.ਲ ਕਰਕੇ ਪਿੰਡਾਂ ਦੇ ਲੋਕਾਂ ਨੇ ਤੇਜ਼ੀ ਨਾਲ ਵਿਦੇਸ਼ਾਂ ਦਾ ਰੁਖ਼ ਕੀਤਾ। ਉਹਨਾਂ ਵੱਲੋਂ ਕੁਝ ਚਿਰ ਲਈ ਵਾਪਸ ਪਿੰਡ ਆ ਕੇ ਰਹਿਣ ਦੀ ਖਾਤਰ ਉੱਥੋਂ ਵਰਗੀਆਂ ਸੁੱਖ ਸਹੂਲਤਾਂ ਭਰਪੂਰ ਖੇਤਾਂ ਵਿੱਚ ਵੱਡੀਆਂ ਵੱਡੀਆਂ ਕੋਠੀਆਂ ਪਾ ਕੇ ਛੱਡ ਦਿੱਤੀਆਂ ਜਾਂਦੀਆਂ ਹਨ।

ਹੁਣ ਪਿੰਡਾਂ ਦੀ ਪਛਾਣ ਬਾਹਰਵਾਰ ਬਣੀਆਂ ਹੋਈਆਂ ਕੋਠੀਆਂ ਦੇ ਮਿਆਰ ਤੋਂ ਵੀ ਕੀਤੀ ਜਾਂਦੀ ਹੈ ਕਿ ਐਥੋਂ ਦੇ ਕਿੰਨੇ ਕੁ ਲੋਕ ਵਿਦੇਸ਼ਾਂ ਵਿੱਚ ਵਸਦੇ ਹਨ। ਇਹ ਤਾਂ ਹਜੇ ਪਿੰਡ ਦੇ ਬਾਹਰਵਾਰ ਖੇਤਾਂ ਤੱਕ ਦੀ ਬਦਲਦੀ ਨੁਹਾਰ ਦੀ ਕਹਾਣੀ ਹੈ। ਪਿੰਡਾਂ ਦੇ ਆ.ਲੇ ਦੁਆ.ਲੇ ਜਿੱਥੇ ਪਹਿਲਾਂ "ਗੱਡੀਆਂ ਵਾ.ਲੇ" ਆਰਜ਼ੀ ਤੌਰ ਤੇ ਰਿਹਾਇਸ਼ ਬਣਾ ਕੇ ਬੈਠਦੇ ਸਨ ਤੇ ਦਿਨ ਭਰ ਉਹ ਪਿੰਡ ਦੀਆਂ ਗਲੀਆਂ ਵਿੱਚ ਘੁੰਮ ਘੁੰਮ ਕੇ ਲੋਕਾਂ ਦੇ ਲੋਹੇ ਦੇ ਸੰਦ ਜਿਵੇਂ ਬੱਠ.ਲ,ਖੁਰਪੇ, ਦਾਤੀਆਂ ਜਾਂ ਬਾਲਟੀਆਂ ਬਗੈਰਾ ਠੀਕ ਕਰਕੇ ਦਿੰਦੇ ਸਨ ਉਹਨਾਂ ਦੀ ਥਾਂ ਤੁਹਾਨੂੰ ਪਿੰਡ ਵਿੱਚੋਂ ਲੰਘਦੇ ਸੂਏ ਦੇ ਦੁਆਲੇ ਕੱਚੇ ਘਰ ਬਣਾ ਕੇ ਕਾਬਜ਼ ਧਾਰੀ ਹੋ ਕੇ ਬੈਠੇ ਪ੍ਰਵਾਸੀ ਮਜ਼ਦੂਰ ਦਿਸਣਗੇ।

ਪਿੰਡ ਦੀ ਫਿਰਨੀ ਤੇ ਚੜ੍ਹਦਿਆਂ ਹੀ ਬਹੁਤੇ ਪਿੰਡਾਂ ਵਿੱਚ ਅੱਜ ਕੱਲ੍ਹ ਛੋਟੀ ਜਿਹੀ ਮਾਰਕੀਟ ਦੁਕਾਨਾਂ ਦੇ ਰੂਪ ਵਿੱਚ ਦਿਖਾਈ ਦੇਣ ਲੱਗ ਪਈ ਹੈ।ਇਹ ਦੁਕਾਨਾਂ ਪਿੰਡ ਨੂੰ ਕਸਬੇ ਦਾ ਰੂਪ ਦਿੰਦੀਆਂ ਨਜ਼ਰ ਆਉਂਦੀਆਂ ਹਨ।

ਹਰ ਪਿੰਡ ਵਿੱਚ ਦਾਣੇ ਭੁੰਨਣ ਵਾਲੀਆਂ ਭੱਠੀਆਂ ਦੀ ਜਗ੍ਹਾ ਵਿਦੇਸ਼ੀ ਲਜ਼ਤ ਵਾਲੇ ਪਕਵਾਨਾਂ ਜਿਵੇਂ ਬਰਗਰ ਅਤੇ ਪੀਜ਼ਾ ਆਦਿ ਦੀਆਂ ਰੇਹੜ੍ਹੀਆਂ ਨੇ ਲੈ ਲਈ ਹੈ। ਜਿੱਥੇ ਇਹਨਾਂ ਤੋਂ ਨੌਜਵਾਨਾਂ ਵਿੱਚ ਸਵੈ ਰੁਜ਼ਗਾਰ ਦੀ ਰੁਚੀ ਦਾ ਹੋਣਾ ਤਾਂ ਚੰਗਾ ਭਾਸਦਾ ਹੈ ਪਰ ਉੱਥੇ ਹੀ ਅਲੋਪ ਹੋ ਰਹੀ ਵਿਰਾਸਤੀ ਦਿੱਖ ਮਨ ਵਿੱਚ ਚਿੰਤਾਵਾਂ ਵੀ ਪੈਦਾ ਕਰਦੀ ਹੈ।

ਜੇ ਪਿੰਡਾਂ ਦੇ ਅੰਦਰ ਵਸਦੇ ਲੋਕਾਂ ਦੇ ਜੀਵਨ ਵਿੱਚ ਆ ਰਹੇ ਬਦਲਾਅ ਤੇ ਇੱਕ ਪੰਛੀ ਝਾਤ ਮਾਰੀਏ ਤਾਂ ਉੱਥੇ ਤਾਂ ਸਭ ਕੁਝ ਹੀ ਬਦਲਿਆ ਬਦਲਿਆ ਲੱਗਦਾ ਹੈ। ਪਹਿਲਾਂ ਲੋਕਾਂ ਦੇ ਖਾਨਦਾਨਾਂ ਦੀ ਪਛਾਣ ਪਿੰਡ ਵਾਲਿਆਂ ਵੱਲੋਂ ਉਹਨਾਂ ਦੇ ਕਿਸੇ ਪੁਰਖੇ ਦੇ ਕਾਰਨਾਮਿਆਂ ਕਰਕੇ ਜਾਂ ਸਿਹਤ ਜਾਂ ਪੈਸੇ ਪੱਖੋਂ ਚੰਗੇ ਜਾਂ ਮਾੜੇ ਹੋਣ ਕਰਕੇ ਰੱਖੇ ਛੋਟੇ ਨਾਂ ਕਰਕੇ ਹੁੰਦੀ ਸੀ ਜਿਵੇਂ 'ਭਲਵਾਨਾਂ ਕੇ ',ਮਾੜੇ ਕੇ, ਬਾਬਿਆਂ ਕੇ,ਖੂਹੀ ਵਾ.ਲਿਆਂ ਕੇ ਆਦਿ ਵਰਗੇ ਅਨੇਕਾਂ ਨਾਂ ਵਰਤ ਕੇ ਪਛਾਣ ਕੀਤੀ ਜਾਂਦੀ ਸੀ।ਪਰ ਅੱਜ ਕੱਲ੍ਹ ਕਨੇਡਾ ਵਾਲਿਆਂ ਦੇ, ਅਮਰੀਕਾ ਵਾਲਿਆਂ ਦੇ, ਬਾਹਰਲੀ ਕੋਠੀ ਵਾਲਿਆਂ ਦੇ ਨਾਂ ਨਾਲ ਪਛਾਣ ਕੀਤੀ ਜਾਂਦੀ ਹੈ। ਅੱਜ ਕੱਲ੍ਹ ਪਿੰਡਾਂ ਵਿੱਚੋਂ ਪਾਥੀਆਂ ਦੀ ਵਰਤੋਂ ਨਾ ਹੋਣ ਕਰਕੇ ਲਗਭਗ ਬਹੁਤੇ ਲੋਕਾਂ ਵੱਲੋਂ ਪੱਥਣੀਆਂ ਬੰਦ ਹੀ ਕਰ ਦਿੱਤੀਆਂ ਗਈਆਂ ਹਨ। ਲੱਸੀ ਵੀ ਟਾਵਾਂ ਟਾਵਾਂ ਘਰ ਹੀ ਰਿੜਕਦਾ ਹੈ। ਪੰਜਾਬ ਦੇ ਪਿੰਡਾਂ ਦੇ ਲੋਕਾਂ ਦੁਆਰਾ ਘਰਾਂ ਨੂੰ ਜ਼ਮਾਨੇ ਅਨੁਸਾਰ ਨਵਾਂ ਰੂਪ ਦੇਣ ਕਾਰਨ ਪੁਰਾਣੇ ਕੱਚੇ ਘਰਾਂ ਵਾਲੀ ਮਹਿਕ ਖਤਮ ਹੋਣ ਨਾਲ ਕਿਸੇ ਦੇ ਘਰ ਵਿੱਚ ਬੈਠ ਕੇ ਪਿੰਡ ਵਿੱਚ ਬੈਠੇ ਹੋਣ ਦਾ ਅਹਿਸਾਸ ਹੀ ਨਹੀਂ ਹੁੰਦਾ।

ਅਸੀਂ ਅੱਜ ਦੇ ਪਿੰਡਾਂ ਦੀ ਗੱਲ ਕਰੀਏ ਤਾਂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਅੱਜ ਉਹ ਦੁੱਖ-ਸੁੱਖ ਵਾਲੀ ਸਾਂਝ ਵੀ ਪਿੰਡਾਂ ਵਿੱਚੋਂ ਗਾਇਬ ਹੋ ਰਹੀ ਹੈ।ਪੰਜਾਬੀ ਪਿੰਡਾਂ ਵਿੱਚ ਜੇਕਰ ਲੋਕਾਂ ਵਿੱਚ ਆਪਸੀ ਨਿੱਘ ਦਾ ਰਿਸ਼ਤਾ ਬਣਿਆ ਹੋਇਆ ਸੀ ਤਾਂ ਉਹ ਆਪਸੀ ਅੜਾਂ-ਥੁੜਾਂ,ਅਮੀਰੀ-.ਗਰੀਬੀ ਦੀਆਂ ਭਾਈਵਾਲੀਆਂ ਕਾਰਨ ਹੀ ਸੀ।ਰਿਸ਼ਤਿਆਂ ਦੇ ਗੀਤਾਂ ਦੀ ਘੂਕ ਵੀ ਇਸ ਪੱਧਰ 'ਤੇ ਅਲੋਪ ਹੋ ਚੁੱਕੀ ਹੈ ਕਿ ਇਹ ਸਿਰਫ਼ ਕਿਤਾਬਾਂ ਜਾਂ ਸਟੇਜਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ।

ਪਿੰਡਾਂ ਵਿੱਚ ਨਾ ਪਹਿਲਾਂ ਵਰਗੀ ਰੌਣਕ,ਨਾ ਆਪਸੀ ਪਿਆਰ ਅਤੇ ਨਾ ਹੀ ਆਪਣਾਪਣ ਨਜ਼ਰ ਆਉਂਦਾ ਹੈ। ਸ਼ਾਨੋ ਸ਼ੌਕਤ ਵਾਲੇ ਪਿੰਡ ਜਿੱਥੇ ਸਮੇਂ ਦੇ ਬਦਲਾਅ ਦੀ ਹਾਮੀ ਭਰਦੇ ਹਨ ਓਥੇ ਹੀ ਮਨ ਵਿੱਚ ਇੱਕ ਉਦਾਸੀ ਜਿਹੀ ਵੀ ਛੱਡਦੇ ਹਨ ਕਿਉਂਕਿ ਸਾਡਾ ਸਭਿਆਚਾਰ ਅਤੇ ਵਿਰਸਾ ਸਾਡੇ ਪਿੰਡਾਂ ਕਰਕੇ ਹੀ ਅਮੀਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਹੌ.ਲੀ ਹੌ.ਲੀ ਅਲੋਪ ਹੋ ਰਹੇ ਪਿੰਡ ਅਤੇ ਪੇਂਡੂ ਭਾਈਚਾਰਾ ਪੰਜਾਬੀਆਂ ਲਈ ਬਹੁਤ ਵੱਡੀ ਚੁਣੌਤੀ ਦੇ ਨਾਲ ਨਾਲ ਗੰਭੀਰ ਚਿੰਤਨ ਦਾ ਵਿਸ਼ਾ ਬਣਦਾ ਜਾ ਰਿਹਾ ਹੈ।







JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

SANJHI SOCH
ਡਾ.ਸੰਦੀਪ ਘੰਡ
ਮਾਨਸਾ
9815139576



# “ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਇਤਿਹਾਸਕ ਫੈਸਲਾ ਗੁਰਜੀਤ ਸਿੰਘ ਖਾਲਸਾ ਦੀ ਤਪੱਸਿਆ ਸਿੱਖ ਸੰਗਤਾਂ ਦਾ ਵੱਧਦਾ ਦਬਾਅ ਅਤੇ 2027 ਚੋਣਾਂ

ਪੰਜਾਬ ਸਰਕਾਰ ਵੱਲੋਂ 13 ਅਪ੍ਰੈਲ 2026 ਨੂੰ ਪੰਜਾਬ ਵਿਧਾਨ ਸਭਾ ਵਿੱਚ “ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026” ਨੂੰ ਪਾਸ ਕੀਤਾ ਗਿਆ ਜਿਸ ਤੋਂ ਬਾਅਦ ਇਸ ਸੋਧ ਐਕਟ ਨੂੰ ਰਾਜਪਾਲ ਵੱਲੋਂ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਹੁਣ ਜਿਵੇਂ ਹੀ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ ਇਹ ਕਾਨੂੰਨ ਲਾਗੂ ਹੋ ਜਾਵੇਗਾ। ਇਸ ਤੋਂ ਪਹਿਲਾਂ ਕਿ ਇਸ ਸੋਧ ਬਿੱਲ ਦੀ ਜਰੂਰਤ ਜਾਂ ਇਸ ਸੋਧ ਬਿੱਲ ਸਬੰਧੀ ਚਰਚਾ ਦਾ ਜਿਕਰ ਕਰੀਏ ਕੀ ਇਸ ਤੋਂ ਪਹਿਲਾਂ ਕੋਈ ਕਾਨੂੰਨ ਨਹੀਂ ਸੀ ਤਾਂ ਸੁਭਾਵਿਕ ਹੈ ਕਿ ਜਿਵੇਂ ਇਸ ਦੇ ਨਾਮ ਤੋਂ ਹੀ ਪਤਾ ਚਲਦਾ ਕਿ ਇਸ ਐਕਟ ਵਿੱਚ ਸ਼ਬਦ ਸੋਧ ਦਾ ਜਿਕਰ ਹੈ ਭਾਵ ਇਹ ਨਵਾਂ ਕਾਨੂੰਨ ਨਹੀਂ ਪੁਰਾਣੇ ਬਿੱਲ ਵਿੱਚ ਸੋਧ ਕੀਤੀ ਗਈ ਹੈ।ਅਸਲੀਅਤ ਵੱਜੋਂ ਦੇਖਿਆ ਜਾਵੇ ਤਾਂ ਬੇਸ਼ਕ ਸ਼ਬਦ ਸੋਧ ਲਿਖਿਆ ਗਿਆ ਪਰ ਪਿਛਲੇ ਅਤੇ ਨਵੇਂ ਕਾਨੂੰਨ ਬਾਰੇ ਦੇਖਿਆ ਜਾਵੇ ਤਾਂ ਇਸ ਵਿੱਚ ਬਹੁਤ ਵੱਡਾ ਫਰਕ ਹੈ।ਪਹਿਲਾਂ ਵਾਲਾ ਕਾਨੂੰਨ “ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪ੍ਰਿੰਟਿੰਗ ਪ੍ਰੈਸ ਅਤੇ ਪ੍ਰਕਾਸ਼ਨ) ਐਕਟ, 2008” ਵਿੱਚ ਕੇਵਲ ਪ੍ਰਿੰਟਿੰਗ ਪ੍ਰੈਸ ਅਤੇ ਪ੍ਰਕਾਸ਼ਨਾ ਦਾ ਹੀ ਜਿਕਰ ਸੀ ਪਰ ਇਸ ਵਿੱਚ ਬੇਅਦਬੀ ਅਤੇ ਬੇਅਦਬੀ ਕਰਨ ਵਾਲਿਆ ਨੂੰ ਸਜਾ ਦਾ ਵੀ ਜਿਕਰ ਹੈ।ਸਬ ਤੋਂ ਪ੍ਰਮੁੱਖ ਕਿ ਇਸ ਵਿੱਚ ਕੀਤੀ ਸੋਧ ਅਨੁਸਾਰ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਾਂ ਬੀੜਾਂ ਦੀ ਥਾਂ ਤੇ ਸਰੂਪ ਜਾਂ ਸਰੂਪਾਂ ਸਬਦ ਜੋੜਿਆ ਗਿਆ ਹੈ।

“ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026”ਵਿੱਚ ਬੇਅਦਬੀ ਨੂੰ ਇੱਕ ਵੱਖਰਾ ਅਤੇ ਗੰਭੀਰ ਅਪਰਾਧ ਮੰਨਿਆ ਗਿਆ ਹੈ। ਇਸ ਵਿੱਚ ਸਿਰਫ਼ ਬੇਅਦਬੀ ਕਰਨ ਵਾਲੇ ਹੀ ਨਹੀਂ, ਸਾਜ਼ਿਸ਼ ਕਰਨ ਵਾਲੇ, ਮਦਦ ਕਰਨ ਵਾਲੇ ਅਤੇ ਸਰੂਪ ਦੀ ਸੰਭਾਲ ਵਿੱਚ ਲਾਪਰਵਾਹੀ ਕਰਨ ਵਾਲੇ ਲੋਕਾਂ ਨੂੰ ਵੀ ਸਜ਼ਾ ਦਿੱਤੀ ਜਾਵੇਗੀ।ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਪਹਿਲਾਂ ਬੇਅਦਬੀ ਦੀ ਕੋਈ ਸਪਸ਼ਟ ਪਰਿਭਾਸ਼ਾ ਨਹੀਂ ਸੀ। ਹੁਣ ਕਾਨੂੰਨ ਵਿੱਚ ਸਾਫ਼ ਲਿਖਿਆ ਗਿਆ ਹੈ ਕਿ ਜੇ ਕੋਈ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਸਾੜੇ, ਫਾੜੇ, ਨੁਕਸਾਨ ਪਹੁੰਚਾਏ, ਚੋਰੀ ਕਰੇ, ਅਪਮਾਨਜਨਕ ਬੋਲ ਬੋਲੇ, ਨਿਸ਼ਾਨ ਬਣਾਏ, ਸੋਸ਼ਲ ਮੀਡੀਆ ਜਾਂ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ, ਤਾਂ ਉਹ ਬੇਅਦਬੀ ਮੰਨੀ ਜਾਵੇਗੀ।

ਪਹਿਲਾਂ ਐਸੇ ਮਾਮਲਿਆਂ ਵਿੱਚ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 295, 295ਅ, 153ਅ ਅਤੇ 120ਭ ਵਰਤੀਆਂ ਜਾਂਦੀਆਂ ਸਨ। ਇਹਨਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ 2 ਜਾਂ 3 ਸਾਲ ਦੀ ਸਜ਼ਾ ਸੀ। ਇਸ ਕਾਰਨ ਬਹੁਤ ਸਾਰੇ ਦੋਸ਼ੀ ਆਸਾਨੀ ਨਾਲ ਜ਼ਮਾਨਤ ’ਤੇ ਬਾਹਰ ਆ ਜਾਂਦੇ ਸਨ।“ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026”ਅਨੁਸਾਰ

1. ਆਮ ਬੇਅਦਬੀ ਲਈ ਘੱਟੋ-ਘੱਟ 7 ਸਾਲ ਤੋਂ 20 ਸਾਲ ਤੱਕ ਕੈਦ ਅਤੇ 2 ਲੱਖ ਤੋਂ 10 ਲੱਖ ਰੁਪਏ ਤੱਕ ਜੁਰਮਾਨਾ ਹੋਵੇਗਾ।
2. ਜੇ ਬੇਅਦਬੀ ਕਿਸੇ ਸਾਜ਼ਿਸ਼ ਜਾਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਖ਼ਰਾਬ ਕਰਨ ਲਈ ਕੀਤੀ ਗਈ ਹੋਵੇ, ਤਾਂ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਸਜ਼ਾ ਅਤੇ 5 ਲੱਖ ਤੋਂ 25 ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ।
3. ਜੇ ਕੋਈ ਵਿਅਕਤੀ ਬੇਅਦਬੀ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ 3 ਤੋਂ 5 ਸਾਲ ਤੱਕ ਦੀ ਕੈਦ ਅਤੇ 1 ਲੱਖ ਤੋਂ 3 ਲੱਖ ਰੁਪਏ ਤੱਕ ਜੁਰਮਾਨਾ ਹੋਵੇਗਾ।
4. ਜਿਹੜਾ ਵਿਅਕਤੀ ਬੇਅਦਬੀ ਵਿੱਚ ਮਦਦ ਕਰੇਗਾ ਜਾਂ ਉਕਸਾਏਗਾ, ਉਸਨੂੰ ਵੀ ਮੁੱਖ ਦੋਸ਼ੀ ਦੇ ਬਰਾਬਰ ਸਜ਼ਾ ਮਿਲੇਗੀ।

“ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026” ਨੂੰ ਕਾਨੂੰਨ ਦੀ ਭਾਸ਼ਾ ਅਨੁਸਾਰ ਗੱਲ ਕਰੀਏ ਤਾਂ ਇਸ ਨੂੰ ਗੰਭੀਰਕਿਸਮ ਦਾ ਅਪਰਾਧ ਮੰਨਿਆ ਗਿਆ ਅਤੇ ਇਹ ਅਪਰਾਧ ਗੈਰ ਜਮਾਨਤੀ ਹੈ।ਜਿਸ ਕਾਰਣ ਦੋਸ਼ੀ ਨੂੰ ਅਸਾਨੀ ਨਾਲ ਜਮਾਨਤ ਨਹੀਂ ਮਿਲੇਗੀ।ਇਸ ਤੋਂ ਇਲਾਵਾ ਇਹ ਅਪਰਾਧ ਵਿੱਚ ਰਜਿਸਟਰਡ ਹੋਏ ਕੇਸ ਨੂੰ ਵਾਪਸ ਨਹੀ ਲਿਆ ਜਾ ਸਕਦਾ ਜਿਵੇਂ ਕਿ ਪਹਿਲਾਂ ਵਾਲੇ ਬਿਲ ਵਿੱਚ ਸੀ।

ਅਹਿਮ ਗੱਲ ਕਿ ਇਸ ਐਕਟ ਅਧੀਨ ਤਾਰੁੰਤ ਕੇਸ ਰਜਿਸਟਰਡ ਹੋਵੇਗਾ ਅਤੇ ਡੀਐਸਪੀ ਰੈਂਕ ਦਾ ਅਧਿਕਾਰੀ ਇਸ ਦੀ ਜਾਂਚ ਕਰੇਗਾ ਅਤੇ ਕੇਸ ਦਾ ਟਰਾਇਲ ਵੀ ਸੈਸ਼ਨ ਕੋਰਟ ਵਿੱਚ ਚਲੇਗਾ।ਅਤੇ ਜਲਦੀ ਨਿਪਟਾਰਾ ਕੀਤਾ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁੱਖ ਜਿੰਮੇਵਾਰੀ ਅਤੇ ਅਧਿਕਾਰ

ਨਵੇਂ ਕਾਨੂੰਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਅਧਿਕਾਰਤ ਸਰੂਪਾਂ ਦੀ ਇੱਕ ਕੇਂਦਰੀ ਰਜਿਸਟਰੀ ਬਣਾਉਣੀ ਹੋਵੇਗੀ। ਇਹ ਰਜਿਸਟਰੀ ਕਾਗਜ਼ੀ ਅਤੇ ਡਿਜ਼ਟਲ ਦੋਹਾਂ ਰੂਪਾਂ ਵਿੱਚ ਹੋਵੇਗੀ। ਹਰ ਸਰੂਪ ਨੂੰ ਇੱਕ ਵਿਲੱਖਣ ਨੰਬਰ ਦਿੱਤਾ ਜਾਵੇਗਾ ਅਤੇ ਇਹ ਵੀ ਦਰਜ ਕੀਤਾ ਜਾਵੇਗਾ ਕਿ ਉਹ ਸਰੂਪ ਕਿੱਥੇ ਰੱਖਿਆ ਗਿਆ ਹੈ ਅਤੇ ਉਸਦੀ ਜ਼ਿੰਮੇਵਾਰੀ ਕਿਸਦੇ ਕੋਲ ਹੈ।

ਹਰ ਗੁਰਦੁਆਰਾ, ਸੰਸਥਾ ਜਾਂ ਵਿਅਕਤੀ ਜਿਸਦੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੋਵੇਗਾ, ਉਸਦੀ ਕਾਨੂੰਨੀ ਜ਼ਿੰਮੇਵਾਰੀ ਬਣੇਗੀ ਕਿ ਉਹ ਸਰੂਪ ਦੀ ਪੂਰੀ ਸੰਭਾਲ ਕਰੇ। ਜੇ ਸਰੂਪ ਗੁੰਮ ਹੋ ਜਾਂਦਾ ਹੈ ਜਾਂ ਉਸਨੂੰ ਨੁਕਸਾਨ ਪਹੁੰਚਦਾ ਹੈ, ਤਾਂ ਤੁਰੰਤ ਰਿਪੋਰਟ ਕਰਨੀ ਪਵੇਗੀ।ਸਿਰਫ਼ ਐਸਜੀਪੀਸੀ ਜਾਂ ਉਸ ਵੱਲੋਂ ਅਧਿਕਾਰਤ ਕੀਤੇ ਵਿਅਕਤੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪ ਸਕਣਗੇ ਜਾਂ ਵੰਡ ਸਕਣਗੇ।

ਅਜਿਹੇ ਸਖਤ ਕਾਨੂੰਨ ਬਣਾਉਣ ਦਾ ਮੰਤਵ ਸਾਫ ਅਤੇ ਸਪਸ਼ਟ ਹੈ ਕਿ ਪੁਰਾਣੇ ਕਾਨੂੰਨਾਂ ਵਿੱਚ ਕਈ ਕਾਨੂੰਨੀ ਖਾਮੀਆਂ ਹੋਣ ਕਾਰਣ ਦੋਸ਼ੀ ਬਰੀ ਹੋ ਜਾਦੇਂ ਸਨ ਜਾਂ ਕਈ ਵਾਰ ਤਾਂ ਕੇਸ ਹੀ ਰਜਿਸਟਰਡ ਨਹੀ ਹੁੰਦੇ ਸਨ।ਇਸ ਦਾ ਅੰਦਾਜਾ ਅਸੀ ਅੰਕੜਿਆ ਤੋ ਲਾ ਸਕਦੇ ਹਾਂ ਕਿ 2015 ਤੋਂ 2026 ਤੱਕ ਬੇਅਦਬੀ ਦੇ 597 ਮਾਮਲੇ ਦਰਜ ਹੋਏ। ਪਰ ਇਹਨਾਂ ਵਿੱਚੋਂ ਸਿਰਫ਼ 44 ਮਾਮਲਿਆਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਮਿਲੀ।99 ਮਾਮਲਿਆਂ ਵਿੱਚ ਦੋਸ਼ੀ ਬਰੀ ਹੋ ਗਏ,83 ਮਾਮਲੇ ਜਾਂਚ ਦੌਰਾਨ ਰੱਦ ਹੋ ਗਏ,37 ਮਾਮਲੇ ਅਦਾਲਤਾਂ ਨੇ ਖ਼ਾਰਜ ਕਰ ਦਿੱਤੇ,102 ਮਾਮਲਿਆਂ ਦਾ ਕੋਈ ਪਤਾ ਨਹੀਂ ਲੱਗਿਆ,131 ਮਾਮਲੇ ਅਜੇ ਵੀ ਅਦਾਲਤਾਂ ਵਿੱਚ ਚੱਲ ਰਹੇ ਹਨ ਅਤੇ 101 ਮਾਮਲੇ ਅਜੇ ਵੀ ਜਾਂਚ ਹੇਠ ਹਨ।

791 ਦੋਸ਼ੀਆਂ ਦੀ ਪਛਾਣ ਹੋਈ, ਪਰ 544 ਹੀ ਗ੍ਰਿਫ਼ਤਾਰ ਕੀਤੇ ਗਏ। ਇਸ ਤਰ੍ਹਾਂ ਸਜ਼ਾ ਦੀ ਦਰ ਕੇਵਲ ਲਗਭਗ 7 ਪ੍ਰਤੀਸ਼ਤ ਰਹੀ। ਇਹੀ ਕਾਰਨ ਸੀ ਕਿ ਲੋਕਾਂ ਵਿੱਚ ਪੁਰਾਣੇ ਕਾਨੂੰਨ ਪ੍ਰਤੀ ਗੁੱਸਾ ਵਧਦਾ ਗਿਆ।

ਨਵੇਂ ਕਾਨੂੰਨ ਦੀ ਮੰਗ ਕਿਉਂ ਉੱਠੀ?

2015 ਵਿੱਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ। ਇਸ ਤੋਂ ਪਹਿਲਾਂ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਤੋਂ ਸਰੂਪ ਚੋਰੀ ਹੋਇਆ ਸੀ। ਇਹ ਘਟਨਾਵਾਂ ਪੰਜਾਬ ਦੀ ਰਾਜਨੀਤੀ ਅਤੇ ਲੋਕਾਂ ਦੇ ਮਨਾਂ ’ਤੇ ਡੂੰਘਾ ਪ੍ਰਭਾਵ ਛੱਡ ਗਈਆਂ।ਬੇਅਦਬੀ ਦੇ ਵਿਰੋਧ ਵਿੱਚ ਲੋਕਾਂ ਨੇ ਬੇਹਬਲ ਕਲਾਂ ਅਤੇ ਕੋਟਕਪੂਰਾ ਵਿੱਚ ਧਰਨੇ ਲਗਾਏ। 14 ਅਕਤੂਬਰ 2015 ਨੂੰ ਬੇਹਬਲ ਕਲਾਂ ਵਿੱਚ ਪੁਲਿਸ ਫਾਇਰਿੰਗ ਹੋਈ, ਜਿਸ ਵਿੱਚ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ। ਕੋਟਕਪੂਰਾ ਵਿੱਚ ਵੀ ਪੁਲਿਸ ਨੇ ਲਾਠੀਚਾਰਜ ਅਤੇ ਜ਼ਬਰਦਸਤੀ ਕੀਤੀ।

ਇਹਨਾਂ ਘਟਨਾਵਾਂ ਤੋਂ ਬਾਅਦ ਬਰਗਾੜੀ ਮੋਰਚਾ ਲੰਮੇ ਸਮੇਂ ਤੱਕ ਚੱਲਦਾ ਰਿਹਾ। ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸਥਾਵਾਂ ਨੇ ਸਖਤ ਕਾਨੂੰਨ ਦੀ ਮੰਗ ਕੀਤੀ।2024 ਤੋਂ 2026 ਤੱਕ ਗੁਰਜੀਤ ਸਿੰਘ ਖਾਲਸਾ ਨੇ ਸਮਾਣਾ ਵਿੱਚ ਇੱਕ 400 ਫੁੱਟ ਉੱਚੇ ਮੋਬਾਈਲ ਟਾਵਰ ’ਤੇ ਚੜ੍ਹ ਕੇ 18 ਮਹੀਨੇ ਤੋਂ ਵੱਧ ਸਮੇਂ ਤੱਕ ਧਰਨਾ ਦਿੱਤਾ। ਉਸਦੀ ਮੰਗ ਸੀ ਕਿ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਇਆ ਜਾਵੇ।ਇਸ ਲਈ ਸਰਕਾਰ ਨੂੰ ਲੰਮੇ ਸਮੇਂ ਤੱਕ ਕਾਨੂੰਨੀ ਮਾਹਿਰਾਂ ਨਾਲ ਕੀਤੇ ਗਏ ਮਸ਼ਵਰੇ ਅਨੁਸਾਰ ਨਵਾਂ ਸੋਧ ਬਿਲ ਹੋਂਦ ਵਿੱਚ ਆਇਆ।

ਜਿਵੇਂ ਪਹਿਲਾਂ ਜਿਕਰ ਕੀਤਾ ਗਿਆ ਕਿ ਇਹ ਇੱਕ ਸੋਧ ਬਿਲ ਹੈ ਇਸ ਲਈ ਇਸ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਨਹੀਂ ਪਈ, ਅਤੇ ਰਾਜਪਾਲ ਨੇ ਸਿੱਧੀ ਮਨਜ਼ੂਰੀ ਦੇ ਦਿੱਤੀ।

“ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026”ਬੇਅਦਬੀ ਕਾਨੂੰਨ ਪੰਜਾਬ ਦੀ ਰਾਜਨੀਤੀ, ਧਾਰਮਿਕ ਭਾਵਨਾਵਾਂ ਅਤੇ ਕਾਨੂੰਨੀ ਪ੍ਰਣਾਲੀ ਵਿੱਚ ਇੱਕ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਰੱਖਣ ਵਾਲਿਆਂ ਨੂੰ ਉਮੀਦ ਹੈ ਕਿ ਹੁਣ ਬੇਅਦਬੀ ਦੇ ਮਾਮਲਿਆਂ ਵਿੱਚ ਜ਼ਿਆਦਾ ਤੇਜ਼ ਜਾਂਚ ਹੋਵੇਗੀ, ਦੋਸ਼ੀਆਂ ਨੂੰ ਸਖਤ ਸਜ਼ਾ ਮਿਲੇਗੀ ਅਤੇ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਪਰਿਵਾਰਾਂ ਨੂੰ ਨਿਆਂ ਮਿਲੇਗਾ।







WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights



## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

# (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# ਨਵੀਂ ਕਲਮ ਦੀ ਡਾਇਰੀ/ ਖਾਲੀ ਕਾਗਜ਼ ਨਹੀਂ

ਬਚਪਨ ਤੋਂ ਜਵਾਨੀ ਦੀ ਦਹਿਲੀਜ਼ ‘ਤੇ ਕਦਮ ਰੱਖਦਿਆਂ ਜਦੋਂ ਇਨਸਾਨ ਆਪਣੇ ਅੰਦਰ ਝਾਕਣਾ ਸ਼ੁਰੂ ਕਰਦਾ ਹੈ, ਤਦੋਂ ਕਈ ਅਣਕਹੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ।

ਮੇਰੇ ਨਾਲ ਵੀ ਕੁਝ ਏਦਾਂ ਹੀ ਹੋਇਆ। ਇੱਕ ਦਿਨ ਅਚਾਨਕ ਮਨ ਹੋਇਆ ਕਿ ਆਪਣੇ ਅੰਦਰ ਦੀਆਂ ਗੱਲਾਂ ਕਿਸੇ ਨਾਲ ਸਾਂਝੀਆਂ ਕਰਾਂ, ਪਰ ਸ਼ਬਦ ਕਿਸੇ ਇਨਸਾਨ ਨੂੰ ਨਹੀਂ, ਇੱਕ ਖਾਲੀ ਕਾਗਜ਼ ਨੂੰ ਮਿਲ ਗਏ।

ਉਸ ਦਿਨ ਤੋਂ ਬਾਅਦ ਜ਼ਿੰਦਗੀ ਪਹਿਲਾਂ ਵਰਗੀ ਨਹੀਂ ਰਹੀ। ਲੱਗਦਾ ਸੀ ਜਿਵੇਂ ਮੇਰੇ ਅੰਦਰ ਕੋਈ ਖਾਮੋਸ਼ ਦਰਿਆ ਵਹਿਣ ਲੱਗ ਪਿਆ ਹੋਵੇ।

ਮੈਂ ਪਹਿਲਾਂ ਵੀ ਉਹੀ ਇਨਸਾਨ ਸੀ, ਉਹੀ ਰਾਹਾਂ ‘ਤੇ ਤੁਰਦਾ ਸੀ, ਉਹੀ ਲੋਕ ਮੇਰੇ ਆਲੇ- ਦੁਆਲੇ ਸਨ ਪਰ ਅੰਦਰ ਕੁਝ ਬਦਲ ਗਿਆ ਸੀ।

ਇਹ ਸੱਚ ਹੈ ਕਿ ਮੇਰੇ ਮਨ ਅੰਦਰ ਇੱਕ ਅਜਿਹੀ ਆਵਾਜ਼ ਜਾਗ ਪਈ ਸੀ ਜੋ ਪਹਿਲਾਂ ਕਦੇ ਸੁਣੀ ਹੀ ਨਹੀਂ ਸੀ ਮੈਂ। ਇਹ ਆਵਾਜ ਆਪਣੇ ਆਪ ਵਿੱਚ ਅਲੋਕਾਰੀ ਸੀ। ਮਨ ਨੂੰ ਸੁਰ ਵਿੱਚ ਕਰਨ ਵਾਲੀ ਆਵਾਜ।

***

ਮੈਂ ਕਲਮ ਹੱਥ ਵਿੱਚ ਫੜੀ ਅਤੇ ਬਿਨਾਂ ਸੋਚੇ ਸਮਝੇ ਲਿਖਣਾ ਸ਼ੁਰੂ ਕਰ ਦਿੱਤਾ। ਉਹ ਸ਼ਬਦ ਨਾ ਤਾਂ ਕਿਸੇ ਕਿਤਾਬ ਤੋਂ ਪੜ੍ਹੇ ਹੋਏ ਸੀ ਅਤੇ ਨਾ ਹੀ ਕਿਸੇ ਨੇ ਮੈਨੂੰ ਸਿਖਾਏ ਸਨ, ਜਾਂ ਸੁਣਾਏ ਸਨ। ਉਹ ਸ਼ਬਦ ਤਾਂ ਮੇਰੇ ਅੰਦਰੋਂ ਆਪਣੇ ਆਪਣੇ ਆਪ ਨਿਕਲ ਰਹੇ ਸਨ। ਲਗਣ ਲੱਗਿਆ ਕਿ ਜਿਵੇਂ ਰੱਬ ਨੇ ਮੇਰੇ ਮਨ ਮਸਤਕ ਅੰਦਰ ਕੋਈ ਰੋਸ਼ਨੀ ਭਰ ਦਿੱਤੀ ਹੋਵੇ। ਮੈਨੂੰ ਮਹਿਸੂਸ ਹੋਣ ਲੱਗਿਆ ਕਿ ਸ਼ਾਇਦ ਇਹ ਸਿਰਫ਼ ਲਿਖਣਾ ਨਹੀਂ, ਇਹ ਉਸ ਕਾਦਰ ਤੇ ਕੁਦਰਤ ਦੀ ਮੇਹਰ ਹੋਈ ਹੈ, ਜਿਸ ਨੇ ਮੇਰੇ ਅੰਦਰ ਇੱਕ ਸ਼ਾਇਰ ਨੂੰ ਜਨਮ ਦਿੱਤਾ ਹੈ।

ਮੈਨੂੰ ਕਲਾ ਨਾਲ ਨਿਵਾਜਿਆ ਹੈ।

ਉਸ ਦਿਨ ਤੋਂ ਖਾਲੀ ਕਾਗਜ਼ ਮੇਰੇ ਲਈ ਸਿਰਫ਼ ਕਾਗਜ਼ ਨਹੀਂ ਰਹੇ। ਉਹ ਮੇਰੇ ਦਿਲ ਦੇ ਰਾਜ਼ਾਂ ਦੇ ਸਾਥੀ ਬਣ ਗਏ। ਜਦੋਂ ਵੀ ਮਨ ਵਿੱਚ ਅਹਿਸਾਸ ਉਠਦਾ, ਖੁਸ਼ੀ ਦਾ ਹੋਵੇ, ਦਰਦ ਦਾ ਹੋਵੇ, ਜਾਂ ਅਮੁੱਕ ਯਾਦਾਂ ਦਾ, ਉਹ ਮੈਂ ਉਹਨਾਂ ਨੂੰ ਕਾਗਜ਼ ‘ਤੇ ਉਤਾਰ ਦਿੰਦਾ ਹਾਂ। ਹਰ ਲਫ਼ਜ਼ ਨਾਲ ਲੱਗਦਾ ਸੀ ਜਿਵੇਂ ਮੈਂ ਆਪਣੇ ਆਪ ਨੂੰ ਥੋੜ੍ਹਾ ਹੋਰ ਸਮਝਣ ਲੱਗ ਪਿਆ ਹਾਂ।

ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਉਹ ਸਿਰਫ਼ ਲਿਖਣ ਦੀ ਸ਼ੁਰੂਆਤ ਨਹੀਂ ਸੀ, ਉਹ ਮੇਰੀ ਰੂਹ ਦੀ ਆਵਾਜ਼ ਸੀ। ਸ਼ਾਇਦ ਹਰ ਇਨਸਾਨ ਦੇ ਅੰਦਰ ਕੋਈ ਨਾ ਕੋਈ ਕਹਾਣੀ ਲੁਕੀ ਹੁੰਦੀ ਹੈ, ਪਰ ਕੁਝ ਖੁਸ਼ਕਿਸਮਤ ਲੋਕਾਂ ਨੂੰ ਕਾਦਰ ਤੇ ਕੁਦਰਤ ਉਹ ਕਹਾਣੀ ਲਫ਼ਜ਼ਾਂ ਵਿੱਚ ਕਹਿਣ ਦੀ ਤਾਕਤ ਦੇ ਦਿੰਦਾ ਹੈ ਅਤੇ ਸ਼ਾਇਦ... ਮੈਂ ਵੀ ਉਹਨਾਂ ਵਿੱਚੋਂ ਇੱਕ ਹਾਂ । ਮੈਨੂੰ ਹੁਣ ਇਲਮ ਹੋ ਗਿਆ ਹੈ ਕਿ ਸ਼ਬਦ ਦੀ ਤਾਕਤ ਕਿੰਨੀ ਹੈ। ਇਹ ਵੀ ਇਲਮ ਹੋ ਗਿਆ ਹੈ ਕਿ ਕੋਈ ਵੀ ਕਾਗਜ ਖਾਲੀ ਨਹੀਂ ਹੁੰਦਾ।



SANJHI SOCH
ਰਮਨ ਜੈਪੁਰਾ
98781 11627




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

### ਬਾਲ ਕਵਿਤਾ

# ਜਿਉਂਣਾ ਸਿਖਾਉਣ ਤਿੱਤਲੀਆਂ

ਤਿੱਤਲੀ ਫੁੱਲਾਂ ਤੇ ਆਉਂਦੀ ਹੈ
ਫੁਰ ਫੁਰ ਚੱਕਰ ਲਾਉਂਦੀ ਹੈ
ਫੁੱਲਾਂ 'ਚੋਂ ਰਸ ਲੈਂਦੀ ਹੈ।
ਟਿਕ ਕਦੇ ਨਾ ਬਹਿੰਦੀ ਹੈ।
ਕੁਦਰਤ ਰੰਗ ਸਜਾਏ ਨੇ।
ਕਿੰਨੇ ਡਿਜ਼ਾਇਨ ਬਣਾਏ ਨੇ।
ਬੱਚੇ ਵੇਖਣ ਆਉਂਦੇ ਨੇ।
ਵੇਖ ਕੇ ਖੁਸ਼ੀ ਮਨਾਉਂਦੇ ਨੇ,
ਵਾਂਗ ਭੰਬੀਰੀ ਘੁੰਮਦੀ ਹੈ।
ਮਹਿਕਾਂ ਤਾਈਂ ਸੁੰਘਦੀ ਹੈ।
ਹੱਥ ਕਦੇ ਨਾ ਆਵੇ ਉਹ।
ਆਪਣਾ ਆਪ ਬਚਾਵੇ ਉਹ।
ਕੁਦਰਤ ਦੇ ਵਿੱਚ ਵੱਸਦੀ ਹੈ।
'ਪੱਤੋ' ਜਿਉਣਾ ਦੱਸਦੀ ਹੈ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

# ਰਿਉੜੀਆਂ

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ
ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ
ਕਹਿਣ, ਬੇਗਾਨੀ ਨੂੰ ਭੰਡਣ।
ਬਦਲੇ ਵਿੱਚ ਤੁਹਾਡੀਆਂ ਸੋਚਾਂ ਨੂੰ,
ਕਰਕੇ ਨਿਕੰਮੀਆਂ,
ਤੁਹਾਡੇ ਹੀ ਸਰਮਾਏ ਨਾਲ, ਰੱਜ
ਰੱਜ ਹੱਥ ਰੰਗਣ।
ਘਾਟੇ ਵਿੱਚ ਚੱਲਣ ਸਰਕਾਰਾਂ,
ਕੇਂਦਰ ਅਤੇ ਸੂਬੇ ਦੀਆਂ,
ਪਰਵਾਹ ਨਹੀਂ ਲੋਕ ਕਰਜ਼ੇ ਦਾ ਭਾਰ,
ਝੱਲਣ ਜਾਂ ਨਾ ਝੱਲਣ।
ਲਾ ਲਾ ਨਿੱਤ ਝੂਠੇ ਲਾਰੇ, ਜਨਤਾ ਨੂੰ
ਬੁੱਧੂ ਬਣਾਵਣ,
ਝੂਠ ਬੋਲਣੋਂ ਲੀਡਰਾਂ ਦੀਆਂ, ਜੀਭਾਂ
ਕਦੀ ਨਾ ਥੰਮਣ।
ਵਿਹਲੜਾਂ ਦੀ ਭੀੜ ਦਿਨੋ ਦਿਨ,
ਵਧਾਵਣ ਵਾਲੇ ਲੀਡਰ,
ਫੜਾ ਰਹੇ ਠੂਠੇ ਲੋਕਾਂ ਨੂੰ ਤਾਂਕਿ, ਉਹ
ਮੰਗਣ ਤੋਂ ਨਾ ਸੰਗਣ।
ਮਖੌਲ ਕਰ ਰਹੇ ਨੇ ਮਖੱਟੂ,
ਮਿਹਨਤੀਆਂ ਨੂੰ ਹੱਸ ਹੱਸ ਕੇ,
ਜੇਕਰ ਰੋਕਣ ਸ਼ਰੀਫ ਉਨ੍ਹਾਂ ਦੇ ਹੀ,
ਉਲਟੇ ਮੂੰਹ ਭੰਨਣ।
ਅੰਨ੍ਹੀਆਂ ਸਰਕਾਰਾਂ ਪੀਹਣ
ਪੀਂਹਦੀਆਂ, ਜੋ ਵੀ ਨਿੱਤ ਦਿਨ,
ਸਰਕਾਰੀ ਕੁੱਤੇ ਚੱਟਦੇ ਜਾਣ, ਸਭ
ਤੋੜ ਕੇ ਬੰਧਨ।
ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ
ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ
ਕਹਿਣ, ਬੇਗਾਨੀ ਨੂੰ ਭੰਡਣ।



ਸਾਂਝੀ ਸੋਚ
ਰਵਿੰਦਰ ਸਿੰਘ ਕੂੰਦਰਾ
ਕਵੇਂਟਰੀ ਯੂ.ਕੇ
+44 77487-72308

LARRY T. NIERMEYER



Attorney at Law

OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

SANJHI SOCH TV & DAILY NEWSPAPER




TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

SANJHI SOCH

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260